# ਰਾਈਟ ਟੂ
# ਇਨਫਰਮੇਸ਼ਨ
# ਐਕਟ, 2005

## (ਸੂਚਨਾ ਲੈਣ ਦਾ ਅਧਿਕਾਰ ਕਾਨੂੰਨ, 2005)

(2005 ਦਾ ਐਕਟ 22)

2008 ਦੀ ਸੋਧ ਦੇ ਨਾਲ

## ਪੰਜਾਬ ਸੂਚਨਾ ਦਾ ਅਧਿਕਾਰ ਨਿਯਮ, 2007

# ਮੁੱਖਬੰਦ

ਭਾਰਤੀ ਲੋਕਤੰਤਰੀ ਵਿਵਸਥਾ ਨੂੰ ਆਮ ਆਦਮੀ ਸਬੰਧੀ ਹੇਠਲੇ ਪੱਧਰ ਤਕ ਮਜ਼ਬੂਤ ਬਣਾਉਣ, ਪ੍ਰਬੰਧਕੀ ਵਿਵਸਥਾ ਨੂੰ ਪਾਰਦਰਸ਼ੀ, ਜਵਾਬਦੇਹ, ਭ੍ਰਿਸ਼ਟਾਚਾਰ ਰਹਿਤ, ਗਤੀਸ਼ੀਲ, ਪ੍ਰਭਾਵਕਾਰੀ, ਨਿਪੁੰਨ ਅਤੇ ਜਨਤਕ ਸ਼ਮੂਲੀਅਤ ਨਾਲ ਲੈਸ ਕਰਨ ਦੇ ਮੰਤਵ ਨਾਲ ਭਾਰਤ ਸਰਕਾਰ ਨੇ ਵਿਧੀਵਤ ਤੌਰ 'ਤੇ ਸੂਚਨਾ ਅਧਿਕਾਰ ਐਕਟ -2005 ਬਣਾਇਆ। ਆਜ਼ਾਦ ਭਾਰਤ ਦੇ ਇਤਿਹਾਸ ਵਿਚ ਜਨਤਕ ਸ਼ਕਤੀਕਰਨ ਦੀ ਦਿਸ਼ਾ ਵਿਚ ਇਹ ਇਕ ਮਹੱਤਵਪੂਰਨ ਅਤੇ ਕ੍ਰਾਂਤੀਕਾਰੀ ਵਿਧਾਨਿਕ ਕਦਮ ਹੈ। ਭਾਰਤ ਦੇਸ਼ ਕਿਉਂਕਿ ਇਕ ਬਹੁ-ਰਾਸ਼ੀ ਰਾਸ਼ਟਰ ਹੈ ਇਸ ਲਈ ਇਸ ਕ੍ਰਾਂਤੀਕਾਰੀ ਐਕਟ ਰਾਹੀਂ ਜਨਤਕ ਸ਼ਕਤੀਕਰਨ ਹਰ ਖੇਤਰ ਅਤੇ ਪ੍ਰਾਂਤ ਵਿਚ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਲਈ ਮੂਲ ਰੂਪ ਵਿਚ ਅੰਗਰੇਜ਼ੀ ਭਾਸ਼ਾ ਵਿਚ ਪਾਸ ਕੀਤੇ ਇਸ ਐਕਟ ਦਾ ਅਨੁਵਾਦ ਖੇਤਰੀ ਜਾਂ ਪ੍ਰਾਂਤਿਕ ਭਾਸ਼ਾ ਵਿਚ ਕਰਨਾ ਜ਼ਰੂਰੀ ਸੀ। ਵੈਸੇ ਵੀ ਇਸ ਐਕਟ ਦੀ ਧਾਰਾ 6(1) ਅਨੁਸਾਰ ਕੋਈ ਵਿਅਕਤੀ ਕੋਈ ਵੀ ਸੂਚਨਾ ਪ੍ਰਾਪਤ ਕਰਨ ਲਈ ਅੰਗਰੇਜ਼ੀ, ਹਿੰਦੀ ਜਾਂ ਇਲਾਕੇ ਦੀ ਸਰਕਾਰੀ ਭਾਸ਼ਾ ਵਿਚ ਬਿਨੈ ਪੱਤਰ ਦੇ ਸਕਦਾ ਹੈ। ਪੰਜਾਬ ਪ੍ਰਾਂਤ ਦੀ ਸਰਕਾਰੀ ਭਾਸ਼ਾ ਪੰਜਾਬੀ ਹੈ। ਇਸ ਲਈ ਪੰਜਾਬ ਅੰਦਰ ਇਸ ਐਕਟ ਰਾਹੀਂ ਜਨਤਕ ਸ਼ਕਤੀਕਰਨ ਬਲਬੂਤੇ ਲੋਕਤੰਤਰੀ ਵਿਵਸਥਾ ਨੂੰ ਹੇਠਲੇ ਪੱਧਰ ਤੱਕ ਸੁਚਾਰੂ ਅਤੇ ਮਜ਼ਬੂਤ ਬਣਾਉਣ, ਪ੍ਰਬੰਧਕੀ ਵਿਵਸਥਾ ਨੂੰ ਪਾਰਦਰਸ਼ੀ, ਜਵਾਬਦੇਹ, ਭ੍ਰਿਸ਼ਟਾਚਾਰ ਰਹਿਤ ਅਤੇ ਵਿਕਾਸਮਈ ਬਣਾਉਣ ਲਈ ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਇਸ ਐਕਟ ਦਾ ਪੰਜਾਬੀ ਵਿਚ ਅਨੁਵਾਦ ਕਰਨਾ ਜ਼ਰੂਰੀ ਸਮਝਦਿਆਂ ਇਸ ਸਬੰਧੀ ਪੂਰੀ ਪ੍ਰਤੀਬੱਧਤਾ ਨਾਲ ਕਦਮ ਪੁੱਟੇ। ਇਸ ਸਬੰਧੀ ਕਾਨੂੰਨੀ ਮਸ਼ੀਰ, ਭਾਸ਼ਾ ਵਿਭਾਗ ਅਤੇ ਹੋਰ ਭਾਸ਼ਾ ਮਾਹਿਰਾਂ ਦਾ ਸਹਿਯੋਗ ਲਿਆ ਗਿਆ। ਪੰਜਾਬੀ ਕਾਲਮਨਵੀਸ ਰਹੇ ਰਾਜ ਸੂਚਨਾ ਕਮਿਸ਼ਨਰ ਸ. ਦਰਬਾਰਾ ਸਿੰਘ ਕਾਹਲੋਂ ਨੇ ਇਸ ਦਿਸ਼ਾ ਵਿਚ ਵਡਮੁੱਲਾ ਯੋਗਦਾਨ ਪਾਇਆ। ਮੈਂ ਮਹਿਰਮ ਗਰੁੱਪ ਦਾ ਧੰਨਵਾਦ ਕਰਦਾ ਹਾਂ ਜਿੰਨਾ ਆਪਣੇ ਖਰਚੇ 'ਤੇ ਇਸ ਅਨੁਵਾਦ ਨੂੰ ਛਾਪਿਆ ਹੈ।

ਪੰਜਾਬ ਰਾਜ ਸੂਚਨਾ ਕਮਿਸ਼ਨ ਦਾ ਮੁੱਖ ਮਕਸਦ ਆਮ ਪੰਜਾਬੀ ਨੂੰ ਇਸ ਕ੍ਰਾਂਤੀਕਾਰੀ ਐਕਟ ਨਾਲ ਜੋੜਨਾ, ਪੰਜਾਬ ਦੇ ਲੋਕ ਸੂਚਨਾ ਅਧਿਕਾਰੀਆਂ ਅਤੇ ਸਹਾਇਕ ਲੋਕ ਸੂਚਨਾ ਅਧਿਕਾਰੀਆਂ ਨੂੰ ਰਾਜ ਭਾਸ਼ਾ ਪੰਜਾਬੀ ਵਿਚ ਸੁਖਾਲੇ ਉਨ੍ਹਾਂ ਦੇ ਇਸ ਐਕਟ ਤਹਿਤ ਕਰਤੱਵਾਂ ਤੋਂ ਜਾਣੂ ਕਰਾਉਣਾ ਹੈ, ਜੋ ਮੈਂ ਸਮਝਦਾ ਹਾਂ ਕਿ ਇਸ ਪੰਜਾਬੀ ਅਨੁਵਾਦ ਰਾਹੀਂ ਨਿਸ਼ਚਿਤ ਤੌਰ 'ਤੇ ਪ੍ਰਾਪਤ ਹੋ ਜਾਵੇਗਾ।

**ਰਮੇਸ਼ਇੰਦਰ ਸਿੰਘ**

**ਮੁੱਖ ਸੂਚਨਾ ਕਮਿਸ਼ਨਰ, ਪੰਜਾਬ।**

# ਤਤਕਰਾ

# ਸੂਚਨਾ ਦਾ ਅਧਿਕਾਰ, ਐਕਟ 2005

ਜਾਣ-ਪਛਾਣ

## ਅਧਿਆਏ - I

## ਪ੍ਰਾਰੰਭਕ

ਭਾਗ

1. ਸੰਖੇਪ ਨਾਮ, ਵਿਸਥਾਰ ਅਤੇ ਆਰੰਭ 1
2. ਪਰਿਭਾਸ਼ਾਵਾਂ 1


## ਅਧਿਆਏ -II

## ਸੂਚਨਾ ਦਾ ਅਧਿਕਾਰ ਅਤੇ ਲੋਕ ਅਥਾਰਟੀਆਂ ਦੀਆਂ ਬਾਧਾਂ

3. ਸੂਚਨਾ ਦਾ ਅਧਿਕਾਰ 3
4. ਲੋਕ ਅਥਾਰਟੀਆਂ ਦੀਆਂ ਬਾਧਾਂ 3
5. ਲੋਕ ਸੂਚਨਾ ਅਧਿਕਾਰੀਆਂ ਦੇ ਪਦ ਨਾਂ 5
6. ਸੂਚਨਾ ਪ੍ਰਾਪਤ ਕਰਨ ਦੇ ਲਈ ਬੇਨਤੀ 6
7. ਬੇਨਤੀ ਦਾ ਨਿਪਟਾਰਾ 7
8. ਸੂਚਨਾ ਦੇ ਪ੍ਰਗਟਾਵੇ ਤੋਂ ਛੋਟ 8
9. ਕੁਝ ਕੁ ਸੂਰਤਾਂ ਵਿਚ ਪਹੁੰਚ ਨੂੰ ਨਾ-ਮਨਜ਼ੂਰ ਕਰਨ ਲਈ ਆਧਾਰ 9
10. ਅਲੱਗ ਕਰਨ ਯੋਗਤਾ 9
11. ਤੀਜੀ ਧਿਰ ਦੀ ਸੂਚਨਾ 10


## ਅਧਿਆਏ -III

## ਕੇਂਦਰੀ ਸੂਚਨਾ ਕਮਿਸ਼ਨ

12. ਕੇਂਦਰੀ ਸੂਚਨਾ ਕਮਿਸ਼ਨ ਦਾ ਗਠਨ 11
13. ਅਹੁਦੇ ਦੀ ਮਿਆਦ ਅਤੇ ਸੇਵਾ ਦੀਆਂ ਸ਼ਰਤਾਂ 12
14. ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਦਾ ਹਟਾਇਆ ਜਾਣਾ 13

## ਅਧਿਆਏ IV

## ਰਾਜ ਸੂਚਨਾ ਕਮਿਸ਼ਨ


| | | |
|---|---|---|
| 15. | ਰਾਜ ਸੂਚਨਾ ਕਮਿਸ਼ਨ ਦਾ ਗਠਨ | 14 |
| 16. | ਅਹੁਦੇ ਦੀ ਮਿਆਦ ਅਤੇ ਸੇਵਾ ਦੀਆਂ ਸ਼ਰਤਾਂ | 15 |
| 17. | ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ ਦਾ ਹਟਾਇਆ ਜਾਣਾ | 17 |


## ਅਧਿਆਏ V

## ਸੂਚਨਾ ਕਮਿਸ਼ਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ, ਅਪੀਲ ਅਤੇ ਦੰਡ


| | | |
|---|---|---|
| 18. | ਸੂਚਨਾ ਕਮਿਸ਼ਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ | 18 |
| 19. | ਅਪੀਲ | 19 |
| 20. | ਦੰਡ | 21 |


## ਅਧਿਆਏ VI

## ਫੁਟਕਲ


| | | |
|---|---|---|
| 21. | ਨੇਕ ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ | 22 |
| 22. | ਐਕਟ ਦਾ ਪਰਮ ਪ੍ਰਭਾਵੀ ਹੋਣਾ | 22 |
| 23. | ਅਦਾਲਤਾਂ ਦੀ ਅਧਿਕਾਰਤਾ ਦੀ ਰੋਕ | 22 |
| 24. | ਕੁਝ ਕੁ ਸੰਗਠਨਾਂ ਨੂੰ ਐਕਟ ਦਾ ਲਾਗੂ ਨਾ ਹੋਣਾ | 22 |
| 25. | ਮਾਨਿਟਰ ਕਰਨਾ ਅਤੇ ਰਿਪੋਰਟ ਕਰਨਾ | 23 |
| 26. | ਮੁਨਾਸਬ ਸਰਕਾਰ ਦੁਆਰਾ ਪ੍ਰੋਗਰਾਮ ਤਿਆਰ ਕਰਨੇ | 24 |
| 27. | ਮੁਨਾਸਬ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ | 25 |
| 28. | ਸਮਰੱਥ ਅਥਾਰਟੀ ਦੀ ਨਿਯਮ ਬਣਾਉਣ ਦੀ ਸ਼ਕਤੀ | 25 |
| 29. | ਨਿਯਮਾਂ ਦਾ ਰੱਖਿਆ ਜਾਣਾ | 26 |
| 30. | ਕਠਿਨਾਈਆਂ ਦੂਰ ਕਰਨ ਦੀ ਸ਼ਕਤੀ | 26 |
| 31. | ਨਿਰਸਨ | 26 |
| ਪਹਿਲੀ ਅਨੁਸੂਚੀ | | 27 |
| ਦੂਜੀ ਅਨੁਸੂਚੀ | | 28 |

# ਪੰਜਾਬ ਸੂਚਨਾ ਦਾ ਅਧਿਕਾਰ ਨਿਯਮ, 2007

## ਨੋਟੀਫਿਕੇਸ਼ਨ


| | | |
|---|---|---|
| 1. | ਸੰਖੇਪ ਸਿਰਲੇਖ ਅਤੇ ਆਰੰਭ | 30 |
| 2. | ਪਰਿਭਾਸ਼ਾਵਾਂ | 30 |
| 3. | ਸੂਚਨਾ ਪ੍ਰਾਪਤ ਕਰਨ ਲਈ ਬੇਨਤੀ ਪ੍ਰਾਪਤ ਕਰਨ ਲਈ ਬੇਨਤੀ ਪੱਤਰ | 30 |
| 4. | ਫੀਸ | 30 |
| 5. | ਫੀਸ ਦੀ ਮਾਤਰਾ | 31 |
| 6. | ਅਪੀਲ ਦਾ ਨਿਪਟਾਰਾ ਕਰਨ ਦੀ ਕਾਰਜਵਿਧੀ | 32 |
| 7. | ਨੋਟਿਸ ਦੇਣ ਦਾ ਤਰੀਕਾ | 32 |
| 8. | ਖਾਰਜ ਕਰਨਾ ਅਤੇ ਰਾਖਵਾਂ | 32 |

- **ਐਕਟ ਦੇ ਸੈਕਸ਼ਨ 6 (1) ਅਧੀਨ ਸੂਚਨਾ ਲਈ ਬਿਨੈ ਪੱਤਰ** 33
- **ਪਹੁੰਚ ਰਸੀਦ** 34
- **ਸੂਚਨਾ ਰਜਿਸਟਰ ਦਾ ਵੇਰਵਾ** 35
- **ਅਦਾਇਗੀ ਕਰਨ ਲਈ ਫੀਸ ਬਾਰੇ ਸੂਚਨਾ** 36
- **ਰੱਦ ਕਰਨ ਬਾਰੇ ਸੂਚਨਾ** 37
- **ਕੈਸ਼ ਰਜਿਸਟਰ** 38

# ਸੂਚਨਾ ਦਾ ਅਧਿਕਾਰ ਐਕਟ - 2005

**ਭੂਮਿਕਾ :** ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੈਣ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਫਰੀਡਮ ਔਫ ਇਨਫਰਮੇਸ਼ਨ ਐਕਟ 2002 (ਜਾਣਕਾਰੀ ਲੈਣ ਦੀ ਸੁਤੰਤਰਤਾ ਐਕਟ) ਨੂੰ ਵਧੇਰੇ ਉੱਨਤ ਭਰਪੂਰ, ਲੋਕ ਹਿਤੈਸ਼ੀ ਅਤੇ ਮਤਲਬ ਭਰਪੂਰ ਬਣਾਇਆ ਜਾਵੇ। ਇਸ ਦੇ ਆਧਾਰ 'ਤੇ ਕੇਂਦਰੀ ਸਲਾਹਕਾਰ ਸੰਮਤੀ ਨੇ ਉਪਰੋਕਤ ਐਕਟ ਵਿਚ ਕੁਝ ਪ੍ਰਮੁੱਖ ਬਦਲਾਅ ਪਾਏ ਜਾਣ ਤਾਂ ਜੋ ਜਾਣਕਾਰੀ ਲੈਣ ਵਾਲੇ ਨੂੰ ਵਧ ਅਤੇ ਸਹੀ ਜਾਣਕਾਰੀ ਸੁਖਾਲੀ ਮਿਲ ਸਕੇ। ਕੇਂਦਰੀ ਸਲਾਹਕਾਰ ਸੰਮਤੀ ਅਤੇ ਹੋਰ ਅਦਾਰਿਆਂ ਤੋਂ ਪ੍ਰਾਪਤ ਸੁਝਾਵਾਂ ਦੇ ਆਧਾਰ 'ਤੇ ਇਹ ਫੈਸਲਾ ਕੀਤਾ ਗਿਆ ਕਿ ਕਾਨੂੰਨ ਵਿਚ ਬਦਲਾਅ ਲੈ ਕੇ ਆਏ ਜਾਣ। ਕੇਂਦਰੀ ਸਲਾਹਕਾਰ ਸੰਮਤੀ ਦੁਆਰਾ ਦਿਤੇ ਸੁਝਾਵਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਅਪਨਾਉਣ ਲਈ ਫਰੀਡਮ ਔਫ ਇਨਫਰਮੇਸ਼ਨ ਐਕਟ 2002 ਨੂੰ ਖ਼ਤਮ ਕੀਤਾ ਗਿਆ। ਇਸ ਦੇ ਸਥਾਨ 'ਤੇ ਇਕ ਹੋਰ ਕਾਨੂੰਨ ਦੀ ਸਥਾਪਨਾ ਕੀਤੀ ਗਈ ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 19 ਮੁਤਾਬਿਕ ਲੋਕਾਂ ਦੇ ਜਾਣਕਾਰੀ ਲੈਣ ਦੇ ਹੱਕ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲੋਕਾਂ ਤੱਕ ਮੁਹੱਈਆ ਕਰਵਾ ਸਕੇ। ਇਸ ਮਨੋਰਥ ਨਾਲ ਰਾਈਟ ਟੂ ਇਨਫਰਮੇਸ਼ਨ ਬਿੱਲ ਪਾਰਲੀਮੈਂਟ ਵਿਚ ਲਿਆਇਆ ਗਿਆ।

## ਮਨੋਰਥ ਅਤੇ ਕਾਰਨਾਂ ਦਾ ਖੁਲਾਸਾ

ਜਾਣਕਾਰੀ ਨੂੰ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਉਣ ਲਈ ਸਰਕਾਰ ਦੁਆਰਾ ਫੈਸਲਾ ਕੀਤਾ ਗਿਆ ਕਿ ਪਾਰਲੀਮੈਂਟ ਦੁਆਰਾ 2002 ਵਿਚ ਪਾਸ ਕੀਤੇ ਫਰੀਡਮ ਔਫ ਇਨਫਰਮੇਸ਼ਨ ਐਕਟ ਨੂੰ ਵਧੇਰੇ ਲੋਕ ਹਿਤੈਸ਼ੀ ਅਤੇ ਅਰਥਪੂਰਣ ਬਣਾਉਣ ਦੀ ਲੋੜ ਹੈ। ਕੇਂਦਰੀ ਸਲਾਹਕਾਰ ਸੰਮਤੀ ਨੇ ਇਸ ਉਪਰ ਵਿਚਾਰ ਕਰਕੇ ਮੌਜੂਦਾ ਐਕਟ ਵਿਚ ਬਦਲਾਅ ਅਤੇ ਵਧੇਰੇ ਪ੍ਰਭਾਵਪੂਰਣਤਾ ਲਈ ਕੁਝ ਸੁਝਾਅ ਦਿੱਤੇ ਤਾਂ ਜੋ ਲੋਕਾਂ ਤਕ ਜਾਣਕਾਰੀ ਵਧੇਰੇ ਸੁਖਾਲੇ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਪਹੁੰਚ ਸਕੇ। ਸਰਕਾਰ ਨੇ ਕੇਂਦਰੀ ਸਲਾਹਕਾਰ ਸੰਮਤੀ ਅਤੇ ਹੋਰ ਅਦਾਰਿਆਂ ਦੇ ਸੁਝਾਵਾਂ ਦਾ ਮੁਆਇਨਾ ਕੀਤਾ ਅਤੇ ਮੌਜੂਦਾ ਕਾਨੂੰਨ ਵਿਚ ਬਦਲਾਅ ਲੈ ਕੇ ਆਉਣ ਦਾ ਫੈਸਲਾ ਕੀਤਾ।

ਮਹੱਤਵਪੂਰਨ ਸੁਝਾਅ ਜਿਨ੍ਹਾਂ ਨੂੰ ਸਰਕਾਰ ਦੁਆਰਾ ਮੰਨ ਲਿਆ ਗਿਆ ਅਤੇ ਬਿਨਾਂ ਕਿਸੇ ਫੇਰ ਬਦਲ ਮੌਜੂਦਾ ਐਕਟ ਵਿਚ ਪਾਉਣ ਦਾ ਫੈਸਲਾ ਕੀਤਾ ਗਿਆ, ਵਿਚੋਂ ਕੁਝ ਇਸ ਪ੍ਰਕਾਰ ਸਨ – ਅਜਿਹੇ ਕਾਨੂੰਨੀ ਅਦਾਰੇ ਦਾ ਗਠਨ ਜਿਸ ਕੋਲ ਸਰਕਾਰੀ ਅਫ਼ਸਰਾਂ ਦੇ ਫੈਸਲੇ ਉਪਰ ਮੁੜ ਵਿਚਾਰ ਕਰਕੇ ਉਸ ਉਪਰ ਫੈਸਲਾ ਦੇਣ ਦਾ ਹੱਕ ਹੋਵੇ, ਕਾਨੂੰਨ ਦੇ ਦਾਅਰੇ ਅੰਦਰ ਮੰਗੀ ਗਈ ਜਾਣਕਾਰੀ ਨਾ ਦੇਣ ਦੀ ਸੂਰਤ ਵਿਚ ਕਾਨੂੰਨਾਂ ਦੇ ਹੇਠਾਂ ਸਜ਼ਾ, ਦਾਇਰੇ ਹੇਠਾਂ ਮੰਗੀ ਗਈ ਜਾਣਕਾਰੀ ਨੂੰ ਵੱਧ ਤੋਂ ਵੱਧ ਮੁਹੱਈਆ ਕਰਵਾਉਣਾ, ਸਰਕਾਰੀ ਪ੍ਰਨਾਲੀ ਦੁਆਰਾ ਪ੍ਰਭਾਵਸ਼ਾਲੀ ਤਰੀਕੇ ਨਾਲ ਜਾਣਕਾਰੀ ਲੋਕਾਂ ਤੱਕ ਮੁਹੱਈਆ ਕਰਵਾਉਣਾ ਆਦਿ। ਉਪਰੋਕਤ ਦਿਤੇ ਅਤੇ ਮੰਨੇ ਗਏ ਸੁਝਾਵਾਂ ਦੇ ਆਧਾਰ 'ਤੇ ਸਰਕਾਰ ਨੇ ਫਰੀਡਮ ਔਫ ਇਨਫਰਮੇਸ਼ਨ ਐਕਟ 2002 ਨੂੰ ਖਤਮ ਕਰਨ ਦਾ ਫੈਸਲਾ ਕੀਤਾ। ਪਾਰਲੀਮੈਂਟ ਵਿਚ ਲੈ ਕੇ ਆਇਆ ਗਿਆ ਬਿੱਲ ਜਾਣਕਾਰੀ ਲੈਣ ਦੇ ਲੋਕਾਂ ਦੇ ਹੱਕ ਜਿਸ ਨੂੰ ਸੰਵਿਧਾਨ ਦੇ ਆਰਟੀਕਲ 19 ਅਧੀਨ ਪਛਾਣਿਆ ਗਿਆ ਹੈ, ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਵਿਚ ਮਦਦ ਕਰੇਗਾ। ਇਹ ਬਿੱਲ ਉਪਰੋਕਤ ਦਿਤੇ ਮਨੋਰਥਾਂ ਨੂੰ ਪੂਰਾ ਕਰਨ ਲਈ ਲਿਆਇਆ ਜਾ ਰਿਹਾ ਹੈ।

## 2005 ਦਾ ਐਕਟ 22

ਰਾਈਟ ਟੂ ਇਨਫਰਮੇਸ਼ਨ ਬਿਲ (ਜਾਣਕਾਰੀ ਲੈਣ ਦੇ ਹੱਕ) ਨੂੰ ਪਾਰਲੀਮੈਂਟ ਦੇ ਦੋਵੇਂ ਸਦਨਾਂ ਦੁਆਰਾ ਪਾਸ ਕੀਤੇ ਜਾਣ ਪਿਛੋਂ 15 ਜੂਨ 2005 ਨੂੰ ਰਾਸ਼ਟਰਪਤੀ ਨੇ ਦਸਤਖ਼ਤ ਕਰ ਕਾਨੂੰਨ ਬਣਾ ਦਿੱਤਾ। ਇਸ ਨੂੰ ਰਾਈਟ ਟੂ ਇਨਫਰਮੇਸ਼ਨ ਐਕਟ 2005 (22 ਔਫ 2005) ਦੇ ਨਾਮ ਨਾਲ ਜਾਣਿਆ ਜਾਂਦਾ ਹੈ।

# ਸੂਚਨਾ ਦਾ ਅਧਿਕਾਰ, ਐਕਟ, 2005

## (2005 ਦਾ ਐਕਟ ਨੰ: 22)

**{23 ਅਗਸਤ, 2009 ਤੱਕ ਸੋਧੇ ਅਨੁਸਾਰ}** {15 ਜੂਨ, 2005}

ਹਰਿਕ ਲੋਕ ਅਥਾਰਟੀ ਦੇ ਕੰਮ-ਕਾਜ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਨਤ ਕਰਨ ਦੇ ਮੰਤਵ ਨਾਲ ਲੋਕ ਅਥਾਰਟੀਆਂ ਦੇ ਕੰਟਰੋਲ ਅਧੀਨ ਦੀ ਸੂਚਨਾ ਤੱਕ ਪਹੁੰਚ ਸੁਨਿਸ਼ਚਤ ਕਰਨ ਲਈ ਨਾਗਰਿਕਾਂ ਨੂੰ ਸੂਚਨਾ ਦੇ ਅਧਿਕਾਰ ਦੀ ਅਮਲੀ ਸ਼ਾਸਨ-ਪੱਧਤੀ ਸਥਾਪਿਤ ਕਰਨ ਲਈ, ਇਕ ਕੇਂਦਰੀ ਸੂਚਨਾ ਕਮਿਸ਼ਨ ਅਤੇ ਰਾਜ ਸੂਚਨਾ ਕਮਿਸ਼ਨਾਂ ਦਾ ਗਠਨ ਕਰਨ ਅਤੇ ਉਨ੍ਹਾਂ ਨਾਲ ਸਬੰਧਤ ਜਾਂ ਉਨ੍ਹਾਂ ਨਾਲ ਅਨੁਸੰਗਕ ਮਾਮਲਿਆਂ ਦਾ ਉਪਬੰਧ ਕਰਨ ਲਈ ਐਕਟ।

ਕਿਉਂਜੋ ਭਾਰਤ ਦੇ ਸੰਵਿਧਾਨ ਨੇ ਲੋਕਤੰਤਰੀ ਗਣਰਾਜ ਦੀ ਸਥਾਪਨਾ ਕੀਤੀ ਹੈ;

ਅਤੇ ਕਿਉਂਜੋ ਲੋਕਤੰਤਰ ਸੂਚਿਤ ਨਾਗਰਿਕ ਵਰਗ ਅਤੇ ਸੂਚਨਾ ਦੀ ਪਾਰਦਰਸ਼ਤਾ ਲੋੜਦਾ ਹੈ ਜੋ ਉਸਦੀ ਕਾਜ-ਕਾਰਤਾ ਲਈ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਦੇ ਲਈ ਵੀ ਅਤੇ ਸਰਕਾਰਾਂ ਅਤੇ ਉਨ੍ਹਾਂ ਦੇ ਮਾਧਿਅਮਾਂ ਦੁਆਰਾ ਸ਼ਾਸਤ ਹੋਣ ਵਾਲਿਆਂ ਦੇ ਪ੍ਰਤੀ ਜਵਾਬਦੇਹ ਬਣਾਉਣ ਲਈ ਅਤਿ-ਮਹੱਤਵਪੂਰਨ ਹੈ;

ਅਤੇ ਕਿਉਂਜੋ ਅਸਲੀ ਵਿਵਹਾਰ ਵਿਚ ਸੂਚਨਾ ਦਾ ਪ੍ਰਗਟ ਕਰਨਾ, ਹੋਰ ਲੋਕ ਹਿੱਤਾਂ, ਜਿਸ ਵਿਚ ਸਰਕਾਰਾਂ ਦਾ ਕਾਰਜ-ਕੁਸ਼ਲਤਾ ਨਾਲ ਚਲਾਉਣਾ, ਸੀਮਤ ਵਿੱਤੀ ਸਾਧਨਾਂ ਦੀ ਅਧਿਕਤਮ ਵਰਤੋਂ ਕਰਨਾ ਅਤੇ ਸੰਵੇਦਨਸ਼ੀਲ ਸੂਚਨਾ ਦੀ ਗੁਪਤਤਾ ਨੂੰ ਕਾਇਮ ਰੱਖਣਾ ਸ਼ਾਮਲ ਹੈ, ਦੇ ਵਿਰੁੱਧ ਹੋਣ ਸੰਭਾਵੀ ਹੈ;

ਅਤੇ ਕਿਉਂਜੋ ਲੋਕਤੰਤਰੀ ਆਦਰਸ਼ ਦੀ ਪ੍ਰਮੁੱਖਤਾ ਨੂੰ ਕਾਇਮ ਰੱਖਣ ਲਈ ਇਨ੍ਹਾਂ ਵਿਰੋਧੀ ਹਿੱਤਾਂ ਨੂੰ ਇਕਸੁਰ ਰੱਖਣਾ ਜ਼ਰੂਰੀ ਹੈ;

ਇਸ ਲਈ, ਹੁਣ ਇਹ ਹਾਲਾਤ ਅਨੁਸਾਰ ਉਚਿਤ ਹੈ ਕਿ ਅਜਿਹੇ ਨਾਗਰਿਕਾਂ ਨੂੰ ਕੁਝ ਕੁ ਸੂਚਨਾ ਮੁਹੱਈਆ ਕਰਨ ਲਈ, ਜੋ ਇਸ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਉਪਬੰਧ ਕੀਤਾ ਜਾਵੇ।

ਭਾਰਤ ਗਣਰਾਜ ਦੇ ਛਪੰਜਵੇਂ ਸਾਲ ਵਿਚ ਸੰਸਦ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ :-

## ਅਧਿਆਏ 1

### ਪ੍ਰਾਰੰਭਕ

1. **ਸੰਖੇਪ ਨਾਂ, ਵਿਸਤਾਰ ਅਤੇ ਆਰੰਭ :**

(1)ਇਸ ਐਕਟ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਕਿਹਾ ਜਾ ਸਕੇਗਾ।

(2)ਇਸ ਦਾ ਵਿਸਤਾਰ ਜੰਮੂ ਅਤੇ ਕਸ਼ਮੀਰ ਰਾਜ ਤੋਂ ਸਿਵਾਏ ਸਾਰੇ ਭਾਰਤ ਤੇ ਹੈ।

(3)ਧਾਰਾ 4 ਦੀ ਉਪ-ਧਾਰਾ (1)। ਧਾਰਾ 5 ਦੀਆਂ ਉਪ-ਧਾਰਾਵਾਂ (1) ਅਤੇ (2), ਧਾਰਾ 12, 13, 15, 16, 24, 27 ਅਤੇ 28 ਦੇ ਉਪਬੰਧ ਤੁਰੰਤ ਨਾਫ਼ਜ਼ ਹੋਣਗੇ ਅਤੇ ਇਸ ਐਕਟ ਦੇ ਬਾਕੀ ਉਪਬੰਧ ਇਸ ਦੇ ਬਣਾਏ ਜਾਣ ਤੋਂ ਇਕ ਸੌ ਵੀਹਵੇਂ ਦਿਨ ਤੋਂ ਨਾਫ਼ਜ਼ ਹੋਣਗੇ।

2. **ਪਰਿਭਾਸ਼ਾਵਾਂ** - ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ,-

(ੳ) "ਮੁਨਾਸਬ ਸਰਕਾਰ" ਦਾ ਕਿਸੇ ਅਜਿਹੀ ਲੋਕ ਅਥਾਰਟੀ ਦੇ ਸਬੰਧ ਵਿਚ, -

(1) ਜੋ ਸੰਘ ਰਾਜ ਖੇਤਰ ਪ੍ਰਸ਼ਾਸਨ ਜਾਂ ਕੇਂਦਰੀ ਸਰਕਾਰ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਪਬੰਧਤ ਫ਼ੰਡਾਂ ਦੁਆਰਾ ਸਥਾਪਿਤ, ਗਠਿਤ, ਦੀ ਮਲਕੀਅਤ ਅਧੀਨ, ਕੰਟਰੋਲ ਅਧੀਨ ਜਾਂ ਸਾਰਵਾਨ ਰੂਪ ਵਿਚ ਵਿੱਤ-ਪੋਸ਼ਤ ਹੈ, ਮਤਲਬ ਹੈ ਕੇਂਦਰੀ ਸਰਕਾਰ ;

(2) ਜੋ ਰਾਜ ਸਰਕਾਰ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ ਤੇ ਉਪਬੰਧਤ ਫੰਡਾਂ ਦੁਆਰਾ ਸਥਾਪਿਤ, ਗਠਿਤ, ਦੀ ਮਲਕੀਅਤ ਅਧੀਨ, ਨਿਯੰਤ੍ਰਣ ਅਧੀਨ ਜਾਂ ਸਾਰਵਾਨ ਰੂਪ ਵਿਚ ਵਿੱਤ-ਪੋਸ਼ਤ ਹੈ, ਮਤਲਬ ਹੈ ਰਾਜ ਸਰਕਾਰ ;

(ਅ) "ਕੇਂਦਰੀ ਸੂਚਨਾ ਕਮਿਸ਼ਨ" ਦਾ ਮਤਲਬ ਹੈ ਧਾਰਾ 12 ਦੀ ਉਪ-ਧਾਰਾ (1) ਅਧੀਨ ਗਠਿਤ ਕੇਂਦਰੀ ਸੂਚਨਾ ਕਮਿਸ਼ਨ ;

(ੲ) "ਕੇਂਦਰੀ ਲੋਕ ਸੂਚਨਾ ਅਫ਼ਸਰ" ਦਾ ਮਤਲਬ ਹੈ ਧਾਰਾ 5 ਦੀ ਉਪ-ਧਾਰਾ (1) ਅਧੀਨ ਪਦਨਾਮਤ ਕੀਤਾ ਗਿਆ ਕੇਂਦਰੀ ਲੋਕ ਸੂਚਨਾ ਅਧਿਕਾਰੀ ਅਤੇ ਇਸ ਵਿਚ ਉਪ-ਧਾਰਾ (2) ਅਧੀਨ ਪਦਨਾਮਤ ਕੇਂਦਰੀ ਸਹਾਇਕ ਲੋਕ ਸੂਚਨਾ ਅਧਿਕਾਰੀ ਵੀ ਸ਼ਾਮਲ ਹੈ ;

(ਸ) "ਮੁੱਖ ਸੂਚਨਾ ਕਮਿਸ਼ਨਰ" ਅਤੇ "ਸੂਚਨਾ ਕਮਿਸ਼ਨਰ" ਦਾ ਮਤਲਬ ਹੈ ਧਾਰਾ 12 ਦੀ ਉਪ-ਧਾਰਾ (3) ਅਧੀਨ ਨਿਯੁਕਤ ਮੁੱਖ ਸੂਚਨਾ ਕਮਿਸ਼ਨਰ ਅਤੇ ਸੂਚਨਾ ਕਮਿਸ਼ਨਰ ;

(ਹ) "ਸਮਰੱਥ ਅਥਾਰਟੀ" ਦਾ ਮਤਲਬ ਹੈ –

(1) ਲੋਕ ਸਭਾ ਜਾਂ ਕਿਸੇ ਰਾਜ ਦੀ ਵਿਧਾਨ ਸਭਾ ਜਾਂ ਕਿਸੇ ਅਜਿਹੇ ਸੰਘ ਰਾਜ ਖੇਤਰ ਜਿਸ ਵਿਚ ਅਜਿਹੀ ਸਭਾ ਹੈ, ਦੀ ਸੂਰਤ ਵਿਚ ਸਪੀਕਰ ਅਤੇ ਰਾਜ ਸਭਾ ਜਾਂ ਕਿਸੇ ਰਾਜ ਦੀ ਵਿਧਾਨ ਪਰਿਸ਼ਦ ਦੀ ਸੂਰਤ ਵਿਚ ਸਭਾਪਤੀ ;

(2) ਸਰਵ-ਉਚ ਅਦਾਲਤ ਦੀ ਸੂਰਤ ਵਿਚ ਭਾਰਤ ਦਾ ਚੀਫ਼ ਜਸਟਿਸ;

(3) ਉਚ ਅਦਾਲਤ ਦੀ ਸੂਰਤ ਵਿਚ ਹਾਈ ਕੋਰਟ ਦਾ ਚੀਫ਼ ਜਸਟਿਸ;

(4) ਸੰਵਿਧਾਨ ਦੁਆਰਾ ਜਾਂ ਉਸ ਅਧੀਨ ਸਥਾਪਤ ਜਾਂ ਗਠਿਤ ਹੋਰ ਅਥਾਰਟੀਆਂ ਦੀ ਸੂਰਤ ਵਿਚ, ਰਾਸ਼ਟਰਪਤੀ ਜਾਂ ਰਾਜਪਾਲ, ਜਿਹੀ ਕਿ ਸੂਰਤ ਹੋਵੇ ;

(5) ਸੰਵਿਧਾਨ ਦੇ ਅਨੁਛੇਦ 239 ਅਧੀਨ ਨਿਯੁਕਤ ਪ੍ਰਸ਼ਾਸਕ ;

(ਕ) "ਸੂਚਨਾ" ਦਾ ਮਤਲਬ ਹੈ ਕਿਸੇ ਰੂਪ ਵਿਚ ਕੋਈ ਅਜਿਹੀ ਸਮੱਗਰੀ, ਜਿਸ ਵਿਚ ਰਿਕਾਰਡ,ਦਸਤਾਵੇਜ, ਮੀਮੋ, ਈ-ਮੇਲ, ਰਾਵਾਂ, ਸਲਾਹਾਂ, ਪ੍ਰੈਸ ਰਿਲੀਜ਼, ਗਸ਼ਤੀ-ਪੱਤਰ, ਹੁਕਮ, ਲਾਗ-ਬੁਕਸ, ਮੁਆਇਦੇ, ਰਿਪੋਟਾਂ, ਪੇਪਰ, ਸੈਂਪਲ, ਮਾਡਲ, ਕਿਸੇ ਇਲੈਕਟ੍ਰਾਨਿਕ ਰੂਪ ਵਿਚ ਰਖੀ ਡਾਟਾ ਸਮੱਗਰੀ ਅਤੇ ਕਿਸੇ ਨਿੱਜੀ ਸੰਸਥਾ ਨਾਲ ਸਬੰਧਿਤ ਅਜਿਹੀ ਸੂਚਨਾ ਸ਼ਾਮਲ ਹੈ, ਜਿਸ ਤੱਕ ਤੱਤਸਮੇਂ ਲਾਗੂ ਕਿਸੇ ਹੋਰ ਕਾਨੂੰਨ ਅਧੀਨ ਕਿਸੇ ਲੋਕ ਅਥਾਰਟੀ ਦੀ ਪਹੁੰਚ ਹੋ ਸਕਦੀ ਹੈ ;

(ਖ) "ਮੁਕੱਰਰ" ਦਾ ਮਤਲਬ ਹੈ ਮੁਨਾਸਬ ਸਰਕਾਰ ਜਾਂ ਸਮਰੱਥ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਗ) "ਲੋਕ ਅਥਾਰਟੀ" ਦਾ ਮਤਲਬ ਹੈ –

(ੳ) ਸੰਵਿਧਾਨ ਦੁਆਰਾ ਜਾਂ ਉਸ ਦੇ ਅਧੀਨ;

(ਅ) ਸੰਸਦ ਦੁਆਰਾ ਬਣਾਏ ਗਏ ਕਿਸੇ ਹੋਰ ਕਾਨੂੰਨ ਦੁਆਰਾ ;

(ੲ) ਰਾਜ ਵਿਧਾਨ ਮੰਡਲ ਦੁਆਰਾ ਬਣਾਏ ਕਿਸੇ ਹੋਰ ਕਾਨੂੰਨ ਦੁਆਰਾ ;

(ਸ) ਮੁਨਾਸਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਅਧਿਸੂਚਨਾ ਜਾਂ ਕੀਤੇ ਗਏ ਹੁਕਮ ਦੁਆਰਾ ਸਥਾਪਤ ਕੀਤੀ ਜਾਂ ਗਠਿਤ ਕੀਤੀ ਹੋਈ ਅਥਾਰਟੀ ਜਾਂ ਸੰਸਥਾ ਜਾਂ ਸਵੈ-ਸ਼ਾਸਨ ਦੀ ਸੰਸਥਾ ਅਤੇ ਇਸ ਵਿਚ ਹੇਠ ਲਿਖੇ ਸ਼ਾਮਲ ਹਨ–

(1) ਮੁਨਾਸਬ ਸਰਕਾਰ ਦੀ ਮਲਕੀਅਤ ਜਾਂ ਉਸਦੇ ਨਿਯੰਤ੍ਰਣ ਅਧੀਨ ਜਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ

ਉਸ ਦੁਆਰਾ ਉਪਬੰਧਤ ਫੰਡਾਂ ਦੁਆਰਾ ਸਾਰਵਾਨ ਰੂਪ ਵਿਚ ਵਿੱਤ-ਪੋਸ਼ਤ ਸੰਸਥਾ;

(2) ਮੁਨਾਸਬ ਸਰਕਾਰ ਦੁਆਰਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਪਬੰਧਤ ਫ਼ੰਡਾਂ ਦੁਆਰਾ ਸਾਰਵਾਨ ਰੂਪ ਵਿਚ ਵਿੱਤ-ਪੋਸ਼ਤ ਗੈਰ-ਸਰਕਾਰੀ ਸੰਗਠਨ;

(ਘ) "ਰਿਕਾਰਡ" ਵਿਚ ਹੇਠ ਲਿਖੇ ਸ਼ਾਮਲ ਹਨ -

(ੳ) ਕੋਈ ਦਸਤਾਵੇਜ਼, ਹੱਥ-ਲਿਖਤ ਅਤੇ ਫ਼ਾਈਲ;

(ਅ) ਕਿਸੇ ਦਸਤਾਵੇਜ਼ ਦੀ ਕੋਈ ਮਾਈਕਰੋਫ਼ਿਲਮ, ਮਾਈਕਰੋਫ਼ਿਸ਼ੇ ਅਤੇ ਫੈਸੀਮੀਲ;

(ੲ) ਅਜਿਹੀ ਮਾਈਕਰੋਫ਼ਿਲਮ ਵਿਚ ਦਿਤੇ ਹੋਏ ਕਿਸੇ ਬਿੰਬ ਜਾਂ ਬਿੰਬਾਂ ਦਾ ਪ੍ਰਤਿਰੂਪ (ਭਾਵੇਂ ਵੱਡਾ ਕੀਤਾ ਹੋਵੇ ਜਾਂ ਨਾ); ਅਤੇ

(ਸ) ਕੰਪਿਊਟਰ ਜਾਂ ਕਿਸੇ ਹੋਰ ਯੰਤਰ ਦੁਆਰਾ ਪੈਦਾ ਕੀਤੀ ਕੋਈ ਹੋਰ ਸਮੱਗਰੀ;

(ਙ) "ਸੂਚਨਾ ਦਾ ਅਧਿਕਾਰ" ਦਾ ਮਤਲਬ ਹੈ ਇਸ ਐਕਟ ਅਧੀਨ ਪਹੁੰਚਯੋਗ ਸੂਚਨਾ ਦਾ ਅਧਿਕਾਰ ਜੋ ਕਿਸੇ ਲੋਕ ਅਥਾਰਟੀ ਦੁਆਰਾ ਧਾਰਤ ਜਾਂ ਉਸ ਦੇ ਨਿਯੰਤ੍ਰਣ ਅਧੀਨ ਹੈ ਅਤੇ ਜਿਸ ਵਿਚ ਹੇਠ ਲਿਖੇ ਅਧਿਕਾਰ ਸ਼ਾਮਲ ਹਨ -

(1) ਕੰਮ, ਦਸਤਾਵੇਜ਼, ਰਿਕਾਰਡਾਂ ਦਾ ਨਿਰੀਖਣ;

(2) ਦਸਤਾਵੇਜ਼ਾਂ ਜਾਂ ਰਿਕਾਰਡਾਂ ਦੇ ਨੋਟ, ਟੂਕਾਂ ਜਾਂ ਤਸਦੀਕਸ਼ੁਦਾ ਨਕਲਾਂ ਲੈਣਾ ;

(3) ਸਮੱਗਰੀ ਦੇ ਤਸਦੀਕਸ਼ੁਦਾ ਨਮੂਨੇ ਲੈਣੇ ;

(4) ਡਿਸਕਟਾਂ, ਫਲਾਪੀਆਂ, ਟੇਪਾਂ, ਵੀਡੀਓ ਕੈਸਟਾਂ ਦੇ ਰੂਪ ਵਿਚ ਜਾਂ ਕਿਸੇ ਹੋਰ ਇਲੈਕਟ੍ਰਾਨਿਕ ਵਿਧੀ ਵਿਚ ਜਾਂ ਪ੍ਰਿੰਟਆਊਟ ਰਾਹੀਂ ਸੂਚਨਾ ਹਾਸਿਲ ਕਰਨਾ, ਜਿਥੇ ਅਜਿਹੀ ਸੂਚਨਾ ਕੰਪਿਊਟਰ ਵਿਚ ਜਾਂ ਕਿਸੇ ਹੋਰ ਯੰਤਰ ਵਿਚ ਸਟੋਰ ਕੀਤੀ ਹੋਈ ਹੈ :

(ਚ) "ਰਾਜ ਸੂਚਨਾ ਕਮਿਸ਼ਨ" ਦਾ ਮਤਲਬ ਹੈ ਧਾਰਾ 15 ਦੀ ਉਪ-ਧਾਰਾ (1) ਅਧੀਨ ਗਠਿਤ ਰਾਜ ਸੂਚਨਾ ਕਮਿਸ਼ਨ ;

(ਛ) "ਰਾਜ ਮੁੱਖ ਸੂਚਨਾ ਕਮਿਸ਼ਨਰ" ਅਤੇ "ਰਾਜ ਸੂਚਨਾ ਕਮਿਸ਼ਨਰ" ਦਾ ਮਤਲਬ ਹੈ ਧਾਰਾ 15 ਦੀ ਉਪ-ਧਾਰਾ (3) ਅਧੀਨ ਨਿਯੁਕਤ ਰਾਜ ਮੁੱਖ ਸੂਚਨਾ ਕਮਿਸ਼ਨਰ ਅਤੇ ਰਾਜ ਸੂਚਨਾ ਕਮਿਸ਼ਨਰ ;

(ਜ) "ਰਾਜ ਲੋਕ ਸੂਚਨਾ ਅਧਿਕਾਰੀ" ਦਾ ਮਤਲਬ ਹੈ ਧਾਰਾ 5 ਦੀ ਉਪ-ਧਾਰਾ (1) ਅਧੀਨ ਪਦਨਾਮਤ ਰਾਜ ਲੋਕ ਸੂਚਨਾ ਅਧਿਕਾਰੀ ਅਤੇ ਇਸ ਵਿਚ ਉਪ-ਧਾਰਾ (2) ਅਧੀਨ ਅਜਿਹੇ ਤੌਰ 'ਤੇ ਪਦਨਾਮਤ ਸਹਾਇਕ ਰਾਜ ਲੋਕ ਸੂਚਨਾ ਅਧਿਕਾਰੀ ਵੀ ਸ਼ਾਮਲ ਹੈ :

(ਝ) "ਤੀਜੀ ਧਿਰ" ਦਾ ਮਤਲਬ ਹੈ ਸੂਚਨਾ ਲਈ ਬੇਨਤੀ ਕਰਨ ਵਾਲੇ ਨਾਗਰਿਕ ਤੋਂ ਬਿਨਾਂ ਕੋਈ ਹੋਰ ਵਿਅਕਤੀ ਅਤੇ ਇਸ ਵਿਚ ਲੋਕ ਅਥਾਰਟੀ ਵੀ ਸ਼ਾਮਲ ਹੈ।

## ਅਧਿਆਏ II

### ਸੂਚਨਾ ਦਾ ਅਧਿਕਾਰ ਅਤੇ ਲੋਕ ਅਥਾਰਟੀਆਂ ਦੀਆਂ ਬਾਧਾਂ

3. **ਸੂਚਨਾ ਦਾ ਅਧਿਕਾਰ** - ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਸਾਰੇ ਨਾਗਰਿਕਾਂ ਨੂੰ ਸੂਚਨਾ ਦਾ ਅਧਿਕਾਰ ਹੋਵੇਗਾ।

4. **ਲੋਕ ਅਥਾਰਟੀਆਂ ਦੀਆਂ ਬਾਧਾਂ** - (1) ਹਰੇਕ ਲੋਕ ਅਥਾਰਟੀ -

(ੳ) ਆਪਣੇ ਸਾਰੇ ਰਿਕਾਰਡ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਰੂਪ ਵਿਚ ਠੀਕ ਤੌਰ 'ਤੇ ਸੂਚੀਬੱਧ ਕਰਕੇ ਅਤੇ ਵਿਸ਼ਾ ਸੂਚੀ ਲਗਾ ਕੇ ਰਖੇਗੀ ਜੋ ਇਸ ਐਕਟ ਅਧੀਨ ਸੂਚਨਾ ਦੇ ਅਧਿਕਾਰ ਨੂੰ ਸੌਖਾ ਬਣਾਵੇ ਅਤੇ

ਇਹ ਸੁਨਿਸ਼ਚਿਤ ਕਰੇਗੀ ਕਿ ਸਾਰੇ ਰਿਕਾਰਡਾਂ ਦਾ, ਜਿਨ੍ਹਾਂ ਦਾ ਕੰਪਿਊਟਰੀਕਰਨ ਕੀਤਾ ਜਾਣਾ ਮੁਨਾਸਬ ਹੈ, ਵਾਜਬ ਸਮੇਂ ਅੰਦਰ ਅਤੇ ਵਸੀਲਿਆਂ ਦੀ ਉਪਲੱਬਧਤਾ ਦੇ ਤਾਬੇ, ਕੰਪਿਊਟਰੀਕਰਨ ਕਰ ਦਿਤਾ ਗਿਆ ਹੈ ਅਤੇ ਉਨ੍ਹਾਂ ਨੂੰ ਭਿੰਨ-ਭਿੰਨ ਸਿਸਟਮਾਂ ਤੇ ਸਾਰੇ ਦੇਸ਼ ਵਿਚ ਨੈੱਟਵਰਕ ਰਾਹੀਂ ਜੋੜ ਦਿਤਾ ਗਿਆ ਹੈ ਤਾਂ ਕਿ ਅਜਿਹੇ ਰਿਕਾਰਡ ਤੱਕ ਪਹੁੰਚ ਕਰਨੀ ਸੌਖੀ ਹੋਵੇ ;

(ਅ) ਇਸ ਐਕਟ ਦੇ ਬਣਾਏ ਜਾਣ ਤੋਂ ਇਕ ਸੌ ਵੀਹ ਦਿਨਾਂ ਦੇ ਅੰਦਰ-

(1) ਆਪਣੇ ਸੰਗਠਨ ਦੇ ਵੇਰਵੇ, ਕਾਜਕਾਰ ਅਤੇ ਕਰਤੱਵ;

(2) ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਕਰਤੱਵ ਅਤੇ ਸ਼ਕਤੀਆਂ ;

(3) ਫ਼ੈਸਲੇ ਲੈਣ ਦੀ ਵਿਧੀ ਵਿਚ ਅਪਣਾਇਆ ਜਾਣ ਵਾਲਾ ਜਾਬਤਾ, ਜਿਸ ਵਿਚ ਜਵਾਬਦੇਹੀ ਅਤੇ ਨਿਗਰਾਨੀ ਦੇ ਮਾਧਿਅਮ ਵੀ ਸ਼ਾਮਲ ਹਨ ;

(4) ਆਪਣੇ ਕਾਰਜਕਾਰਾਂ ਨੂੰ ਨਿਭਾਉਣ ਲਈ ਆਪਣੇ ਦੁਆਰਾ ਤੈਅ ਕੀਤੇ ਮਾਪਦੰਡ

(5) ਆਪਣੇ ਦੁਆਰਾ ਜਾਂ ਆਪਣੇ ਨਿਯੰਤ੍ਰਣ ਅਧੀਨ ਧਾਰਕ ਜਾਂ ਆਪਣੇ ਕਰਮਚਾਰੀਆਂ ਦੁਆਰਾ ਆਪਣੇ ਕਾਜਕਾਰਾਂ ਦੇ ਨਿਭਾਉਣ ਲਈ ਵਰਤੇ ਗਏ ਨਿਯਮ, ਵਿਨਿਯਮ, ਹਦਾਇਤਾਂ, ਕਿਤਾਬਚੇ, ਰਿਕਾਰਡ :

(6) ਅਜਿਹੇ ਦਸਤਾਵੇਜ਼ਾਂ ਦੀਆਂ ਜੋ ਉਸ ਦੁਆਰਾ ਧਾਰਤ ਜਾਂ ਉਸ ਦੇ ਨਿਯੰਤ੍ਰਣ ਅਧੀਨ ਹਨ, ਸ਼੍ਰੇਣੀਆਂ ਦਾ ਵਿਵਰਣ ;

(7) ਕਿਸੇ ਵਿਵਸਥਾ ਦੇ ਵੇਰਵੇ, ਜੋ ਉਸਦੀ ਨੀਤੀ ਦੀ ਰਚਨਾ ਜਾਂ ਲਾਗੂ ਕਰਨ ਦੇ ਸੰਬੰਧ ਵਿਚ ਜਨਤਾ ਦੇ ਮੈਂਬਰਾਂ ਨਾਲ ਮਸ਼ਵਰੇ ਲਈ ਜਾਂ ਉਨ੍ਹਾਂ ਦੁਆਰਾ ਪ੍ਰਤੀਨਿਧਤਾ ਲਈ ਮੌਜੂਦ ਹੋਣ ;

(8) ਅਜਿਹੇ ਬੋਰਡਾਂ, ਪਰਿਸ਼ਦਾਂ, ਕਮੇਟੀਆਂ ਅਤੇ ਹੋਰ ਸੰਸਥਾਵਾਂ ਜੋ ਦੋ ਜਾਂ ਵੱਧ ਵਿਅਕਤੀਆਂ ਤੋਂ ਮਿਲ ਕੇ, ਉਸ ਦੇ ਭਾਗ ਦੇ ਤੌਰ 'ਤੇ ਜਾਂ ਉਸ ਨੂੰ ਸਲਾਹ ਦੇਣ ਦੇ ਪ੍ਰਯੋਜਨ ਲਈ, ਗਠਿਤ ਹੋਣ ਅਤੇ ਇਸ ਬਾਰੇ ਕਿ ਕੀ ਉਨ੍ਹਾਂ ਬੋਰਡਾਂ, ਪਰਿਸ਼ਦਾਂ, ਕਮੇਟੀਆਂ ਅਤੇ ਹੋਰ ਸੰਸਥਾਵਾਂ ਦੀਆਂ ਇੱਕਤਰਤਾਵਾਂ ਜਨਤਾ ਲਈ ਖੁੱਲ੍ਹੀਆਂ ਹੋਣਗੀਆਂ ਜਾਂ ਅਜਿਹੀਆਂ ਇੱਕਤਰਤਾਵਾਂ ਦੀਆਂ ਕਾਰਵਾਈਆਂ ਤੱਕ ਜਨਤਾ ਦੀ ਪਹੁੰਚ ਹੋਵੇਗੀ, ਦਾ ਵਿਵਰਣ ;

(9) ਆਪਣੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਡਾਇਰੈਕਟਰੀ ;

(10) ਆਪਣੇ ਹਰੇਕ ਅਧਿਕਾਰੀ ਅਤੇ ਕਰਮਚਾਰੀ ਦੁਆਰਾ ਪ੍ਰਾਪਤ ਕੀਤਾ ਮਾਸਕ ਮਿਹਨਤਾਨਾ, ਜਿਸ ਵਿਚ ਉਸ ਦੇ ਵਿਨਿਯਮਾਂ ਵਿਚ ਯਥਾ ਉਪਬੰਧਤ ਮੁਆਵਜੇ ਦੀ ਪ੍ਰਣਾਲੀ ਵੀ ਸ਼ਾਮਲ ਹੈ;

(11) ਸਾਰੀਆਂ ਯੋਜਨਾਵਾਂ, ਤਜਵੀਜ਼ਤ ਖਰਚ ਅਤੇ ਕੀਤੀਆਂ ਗਈਆਂ ਵੰਡਾਂ ਦੀਆਂ ਰਿਪੋਟਾਂ ਦੇ ਵੇਰਵੇ ਦਿੰਦੇ ਹੋਏ ਹਰੇਕ ਏਜੰਸੀ ਲਈ ਟਿਕਿਆ ਬਜਟ ;

(12) ਉਪਦਾਨ ਪ੍ਰੋਗਰਾਮਾਂ ਦੇ ਅਮਲ ਦਾ ਤਰੀਕਾ, ਜਿਸ ਵਿਚ ਟਿਕੀਆਂ ਰਾਸ਼ੀਆਂ ਅਤੇ ਅਜਿਹੇ ਪ੍ਰੋਗਰਾਮਾਂ ਦੇ ਲਾਭਪਾਤਰਾਂ ਦੇ ਬਿਊਰੇ ਵੀ ਸ਼ਾਮਿਲ ਹੋਣ ;

(13) ਆਪਣੇ ਦੁਆਰਾ ਦਿਤੀਆਂ ਰਿਆਇਤਾਂ, ਪਰਮਿਟਾਂ ਜਾਂ ਅਖਤਿਆਰ ਪ੍ਰਾਪਤ ਕਰਨ ਵਾਲਿਆਂ ਦੇ ਵੇਰਵੇ ;

(14) ਕਿਸੇ ਇਲੈਕਟ੍ਰਾਨਿਕ ਰੂਪ ਵਿਚ ਸੂਚਨਾ ਬਾਰੇ ਬਿਊਰੇ ਜੋ ਉਸ ਕੋਲ ਉਪਲੱਬਧ ਹੋਣ ਜਾਂ ਉਸ ਦੁਆਰਾ ਧਾਰਤ ਹੋਣ;

(15) ਸੂਚਨਾ ਹਾਸਲ ਕਰਨ ਲਈ ਨਾਗਰਿਕਾਂ ਨੂੰ ਉਪਲੱਬਧ ਸਹੂਲਤਾਂ ਦੇ ਵੇਰਵੇ ਜਿਸ ਵਿਚ ਲਾਇਬ੍ਰੇਰੀ ਜਾਂ ਰੀਡਿੰਗ ਰੂਮ ਦੇ, ਜੇ ਉਹ ਲੋਕ ਵਰਤੋਂ ਲਈ ਕਾਇਮ ਰੱਖਿਆ ਹੋਵੇ, ਕੰਮ ਦੇ ਘੰਟੇ ਸ਼ਾਮਿਲ ਹਨ ;

(16) ਲੋਕ ਸੂਚਨਾ ਅਫ਼ਸਰਾਂ ਦੇ ਨਾਂ, ਪਦ-ਨਾਂ ਅਤੇ ਹੋਰ ਵੇਰਵੇ;

(17) ਅਜਿਹੀ ਹੋਰ ਸੂਚਨਾ ਜੋ ਮੁਕੱਰਰ ਕੀਤੀ ਜਾਵੇ, ਪ੍ਰਕਾਸ਼ਤ ਕਰੇਗੀ ਅਤੇ ਉਸ ਤੋਂ ਪਿਛੋਂ ਇਨ੍ਹਾਂ ਪ੍ਰਕਾਸ਼ਨਾਵਾਂ ਨੂੰ ਹਰੇਕ ਸਾਲ ਮਿਤੀਅੰਤ ਤੱਕ ਠੀਕ ਕਰੇਗੀ;

(ੲ) ਮਹੱਤਵਪੂਰਨ ਨੀਤੀਆਂ ਬਣਾਉਣ ਵੇਲੇ ਜਾਂ ਅਜਿਹੇ ਫ਼ੈਸਲਿਆਂ ਦਾ ਐਲਾਨ ਕਰਨ ਵੇਲੇ ਜੋ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਸਾਰੇ ਸੁਸੰਗਤ ਤੱਥਾਂ ਨੂੰ ਪ੍ਰਕਾਸ਼ਤ ਕਰੇਗੀ ;

(ਸ) ਆਪਣੇ ਪ੍ਰਸ਼ਾਸਕੀ ਜਾਂ ਅਧ-ਨਿਆਂਇਕ ਫ਼ੈਸਲਿਆਂ ਦੇ ਕਾਰਣ ਪ੍ਰਭਾਵਿਤ ਵਿਅਕਤੀਆਂ ਨੂੰ ਮੁਹੱਈਆ ਕਰਾਏਗੀ।

(2) ਹਰੇਕ ਲੋਕ ਅਥਾਰਟੀ ਦਾ ਲਗਾਤਾਰ ਇਹ ਯਤਨ ਹੋਵੇਗਾ ਕਿ ਉਹ ਉਪ-ਧਾਰਾ (1) ਦੇ ਖੰਡ (ਅ) ਦੀਆਂ ਲੋੜਾਂ ਅਨੁਸਾਰ ਸਵੈ-ਪ੍ਰੇਰਨਾ ਨਾਲ, ਲੋਕਾਂ ਨੂੰ ਨਿਯਮਿਤ ਵਕਫ਼ਿਆਂ ਤੇ ਸੂਚਨਾ ਦੇ ਭਿੰਨ-ਭਿੰਨ ਸਾਧਨਾਂ ਰਾਹੀਂ, ਜਿਸ ਵਿਚ ਇੰਟਰਨੈੱਟ ਵੀ ਸ਼ਾਮਿਲ ਹੈ, ਇੰਨੀ ਕੁ ਸੂਚਨਾ ਉਪਲੱਬਧ ਕਰਵਾਉਣ ਲਈ ਕਦਮ ਚੁੱਕੇ ਜਿਸ ਨਾਲ ਕਿ ਲੋਕਾਂ ਨੂੰ ਸੂਚਨਾ ਹਾਸਿਲ ਕਰਨ ਲਈ ਇਸ ਐਕਟ ਦੀ ਵਰਤੋਂ ਦਾ ਘੱਟ ਸਹਾਰਾ ਲੈਣਾ ਪਵੇ।

(3) ਉਪ-ਧਾਰਾ (1) ਦੇ ਪ੍ਰਯੋਜਨਾ ਲਈ, ਹਰੇਕ ਸੂਚਨਾ ਵਿਸਤਾਰਪੂਰਵਕ ਅਜਿਹੇ ਰੂਪ ਅਤੇ ਤਰੀਕੇ ਨਾਲ ਪ੍ਰਸਾਰਤ ਕੀਤੀ ਜਾਵੇਗੀ ਜੋ ਕਿ ਆਸਾਨੀ ਨਾਲ ਲੋਕਾਂ ਦੀ ਪਹੁੰਚ ਵਿਚ ਹੋਵੇ।

(4) ਸਾਰੀ ਸਮੱਗਰੀ ਨੂੰ, ਲਾਗਤ ਪ੍ਰਭਾਵਸ਼ੀਲਤਾ, ਸਥਾਨਕ ਭਾਸ਼ਾ ਅਤੇ ਉਸ ਸਥਾਨਕ ਖੇਤਰ ਵਿਚ ਸੰਸੂਚਨਾ ਦਾ, ਸਭ ਤੋਂ ਵੱਧ ਪ੍ਰਭਾਵੀ ਤਰੀਕੇ ਨੂੰ ਧਿਆਨ ਵਿਚ ਰੱਖਦੇ ਹੋਏ, ਪ੍ਰਸਾਰਤ ਕੀਤਾ ਜਾਵੇਗਾ ਅਤੇ ਸੂਚਨਾ, ਕੇਂਦਰੀ ਲੋਕ ਸੂਚਨਾ ਅਫ਼ਸਰ ਜਾਂ ਰਾਜ ਲੋਕ ਸੂਚਨਾ ਅਫ਼ਸਰ ਕੋਲ, ਜਿਹੀ ਕਿ ਸੂਰਤ ਹੋਵੇ, ਸੰਭਵ ਹੱਦ ਤੱਕ ਇਲੈਕਟ੍ਰਾਨਿਕ ਰੂਪ ਵਿਚ ਮੁਫ਼ਤ ਜਾਂ ਮਾਧਿਅਮ ਦੀ ਅਜਿਹੀ ਲਾਗਤ ਤੇ ਜਾਂ ਛਪਾਈ ਦੀ ਲਾਗਤ ਦੀ ਕੀਮਤ ਤੇ, ਜੋ ਮੁਕੱਰਰ ਕੀਤੀ ਜਾਵੇ, ਉਪਲੱਬਧ ਹੋਵੇ ਅਤੇ ਆਸਾਨੀ ਨਾਲ ਪਹੁੰਚਯੋਗ ਹੋਣੀ ਚਾਹੀਦੀ ਹੈ।

ਵਿਆਖਿਆ-ਉਪ-ਧਾਰਾ (3) ਅਤੇ (4) ਦੇ ਪ੍ਰਯੋਜਨਾਂ ਲਈ "ਪ੍ਰਸਾਰਤ" ਦਾ ਮਤਲਬ ਹੈ ਨੋਟਿਸ ਬੋਰਡਾਂ, ਸਮਾਚਾਰ ਪੱਤਰਾਂ, ਲੋਕ ਐਲਾਨਾਂ, ਮੀਡੀਆ ਪ੍ਰਸਾਰਨਾਂ, ਇੰਟਰਨੈੱਟ ਜਾਂ ਕਿਸੇ ਹੋਰ ਤਰੀਕੇ ਨਾਲ ਜਿਸ ਵਿਚ ਕਿਸੇ ਲੋਕ ਅਥਾਰਟੀ ਦੇ ਦਫ਼ਤਰਾਂ ਦਾ ਨਿਰੀਖਣ ਵੀ ਸ਼ਾਮਲ ਹੈ, ਲੋਕਾਂ ਨੂੰ ਸੂਚਨਾ ਬਾਰੇ ਜਾਣੂ ਕਰਾਉਣਾ ਜਾਂ ਸੰਸੂਚਿਤ ਕਰਨਾ।

**5. ਲੋਕ ਸੂਚਨਾ ਅਧਿਕਾਰੀਆਂ ਦੇ ਪਦ-ਨਾਂ -**

(1) ਹਰੇਕ ਲੋਕ ਅਥਾਰਟੀ, ਇਸ ਐਕਟ ਦੇ ਬਣਨ ਤੋਂ ਸੌ ਦਿਨ ਦੇ ਅੰਦਰ ਸਾਰੀਆਂ ਪ੍ਰਸ਼ਾਸਨਿਕ ਇਕਾਈਆਂ ਜਾਂ ਉਸ ਦੇ ਅਧੀਨ ਦਫ਼ਤਰਾਂ ਵਿਚ ਕੇਂਦਰੀ ਲੋਕ ਸੂਚਨਾ ਅਫ਼ਸਰਾਂ ਜਾਂ ਰਾਜ ਲੋਕ ਅਫ਼ਸਰਾਂ ਵਜੋਂ, ਜਿਹੀ ਕਿ ਸੂਰਤ ਹੋਵੇ, ਉਨ੍ਹੇ ਅਫ਼ਸਰਾਂ ਨੂੰ ਪਦਨਾਮਤ ਕਰੇਗੀ ਜਿੰਨੇ ਇਸ ਐਕਟ ਦੇ ਅਧੀਨ ਸੂਚਨਾ ਲੈਣ ਲਈ ਬੇਨਤੀ ਕਰਨ ਵਾਲੇ ਵਿਅਕਤੀਆਂ ਨੂੰ ਸੂਚਨਾ ਦੇਣ ਦੇ ਲਈ ਜ਼ਰੂਰੀ ਹੋਣ।

(2) ਉਪ-ਧਾਰਾ (1) ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ, ਹਰੇਕ ਲੋਕ ਅਥਾਰਟੀ ਇਸ ਐਕਟ ਦੇ ਬਣਨ ਤੋਂ ਸੌ ਦਿਨ ਦੇ ਅੰਦਰ, ਹਰੇਕ ਉਪ-ਮੰਡਲ ਪੱਧਰ ਤੇ ਜਾਂ ਹੋਰ ਉਪ ਜ਼ਿਲ੍ਹਾ ਪੱਧਰ 'ਤੇ, ਕੇਂਦਰੀ ਸਹਾਇਕ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਸਹਾਇਕ ਲੋਕ ਸੂਚਨਾ ਅਧਿਕਾਰੀ ਵਜੋਂ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਅਧੀਨ ਸੂਚਨਾ ਦੇ ਲਈ ਦਰਖ਼ਾਸਤਾਂ ਜਾਂ ਅਪੀਲਾਂ ਪ੍ਰਾਪਤ ਕਰਨ ਅਤੇ ਉਨ੍ਹਾਂ ਨੂੰ ਤੁਰੰਤ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਾਂ ਧਾਰਾ 19 ਦੀ ਉਪ-ਧਾਰਾ (1) ਅਧੀਨ ਉਲਿਖਤ ਸੀਨੀਅਰ ਅਧਿਕਾਰੀ ਜਾਂ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਨੂੰ ਭੇਜਣ ਲਈ ਇਕ ਅਧਿਕਾਰੀ ਪਦਨਾਮਤ ਕਰੇਗੀ ;

ਪਰੰਤੂ ਇਹ ਹੈ ਕਿ ਜਿੱਥੇ ਸੂਚਨਾ ਜਾਂ ਅਪੀਲ ਦੇ ਲਈ ਕੋਈ ਦਰਖ਼ਾਸਤ ਕਿਸੇ ਕੇਂਦਰੀ ਸਹਾਇਕ ਲੋਕ ਸੂਚਨਾ

ਅਧਿਕਾਰੀ ਜਾਂ ਕਿਸੇ ਰਾਜ ਸਹਾਇਕ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਨੂੰ ਦਿੱਤੀ ਜਾਂਦੀ ਹੈ, ਉਥੇ ਕਿਸੇ ਉੱਤਰ ਦੇ ਲਈ ਧਾਰਾ 7 ਦੀ ਉਪ-ਧਾਰਾ (1) ਦੇ ਅਧੀਨ ਉਲਿਖਤ ਮੁੱਦਤ ਦਾ ਹਿਸਾਬ ਲਾਉਣ ਵੇਲੇ ਪੰਜ ਦਿਨਾਂ ਦੀ ਮੁੱਦਤ ਹੋਰ ਜੋੜ ਦਿੱਤੀ ਜਾਵੇਗੀ।

(3) ਹਰੇਕ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਿਹੀ ਕਿ ਸੂਰਤ ਹੋਵੇ, ਸੂਚਨਾ ਦੀ ਮੰਗ ਕਰਨ ਵਾਲੇ ਵਿਅਕਤੀਆਂ ਦੀਆਂ ਬੇਨਤੀਆਂ ਤੇ ਕਾਰਵਾਈ ਕਰੇਗਾ ਅਤੇ ਅਜਿਹੀ ਸੂਚਨਾ ਦੀ ਮੰਗ ਕਰਨ ਵਾਲੇ ਵਿਅਕਤੀਆਂ ਨੂੰ ਵਾਜਬ ਸਹਾਇਤਾ ਦੇਵੇਗਾ।

(4) ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਅਜਿਹੇ ਕਿਸੇ ਹੋਰ ਅਧਿਕਾਰੀ ਦੀ ਸਹਾਇਤਾ ਦੀ ਮੰਗ ਕਰ ਸਕੇਗਾ, ਜਿਸ ਨੂੰ ਉਹ ਆਪਣੇ ਕਰਤੱਵਾਂ ਦਾ ਉਚਿਤ ਨਿਸਤਾਰਾ ਕਰਨ ਲਈ ਜ਼ਰੂਰੀ ਸਮਝੇ।

(5) ਕੋਈ ਅਧਿਕਾਰੀ, ਜਿਸ ਦੀ ਉਪ-ਧਾਰਾ (4) ਦੇ ਅਧੀਨ ਸਹਾਇਤਾ ਮੰਗੀ ਗਈ ਹੈ, ਉਸ ਦੀ ਸਹਾਇਤਾ ਮੰਗਣ ਵਾਲੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਨੂੰ ਸਾਰੀ ਸਹਾਇਤਾ ਦੇਵੇਗਾ ਅਤੇ ਇਸ ਐਕਟ ਦੇ ਉਪਬੰਧਾਂ ਦੇ ਕਿਸੇ ਉਲੰਘਣ ਦੇ ਪ੍ਰਯੋਜਨ ਲਈ ਅਜਿਹੇ ਹੋਰ ਅਫ਼ਸਰਾਂ ਨੂੰ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਸਮਝਿਆ ਜਾਵੇਗਾ।

**6. ਸੂਚਨਾ ਪ੍ਰਾਪਤ ਕਰਨ ਦੇ ਲਈ ਬੇਨਤੀ -**

(1) ਕੋਈ ਵਿਅਕਤੀ, ਜੋ ਇਸ ਐਕਟ ਦੇ ਅਧੀਨ ਸੂਚਨਾ ਪ੍ਰਾਪਤ ਕਰਨਾ ਚਾਹੁੰਦਾ ਹੈ, ਲਿਖਤੀ ਤੌਰ ’ਤੇ ਜਾਂ ਇਲੈਕਟ੍ਰਾਨਿਕ ਸਾਧਨ ਰਾਹੀਂ ਅੰਗਰੇਜ਼ੀ ਜਾਂ ਹਿੰਦੀ ਵਿਚ ਜਾਂ ਉਸ ਖੇਤਰ ਦੀ ਰਾਜ ਭਾਸ਼ਾ ਵਿਚ ਜਿਸ ਵਿਚ ਦਰਖ਼ਾਸਤ ਦਿੱਤੀ ਜਾ ਰਹੀ ਹੈ, ਅਜਿਹੀ ਫ਼ੀਸ ਦੇ ਨਾਲ, ਜੋ ਮੁਕੱਰਰ ਕੀਤੀ ਜਾਵੇ -

(ੳ) ਸਬੰਧਿਤ ਲੋਕ ਅਥਾਰਟੀ ਦੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਨੂੰ, ਜਿਹੀ ਕਿ ਸੂਰਤ ਹੋਵੇ ;

(ਅ) ਕੇਂਦਰੀ ਸਹਾਇਕ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਸਹਾਇਕ ਲੋਕ ਸੂਚਨਾ ਅਧਿਕਾਰੀ ਨੂੰ, ਜਿਹੀ ਕਿ ਸੂਰਤ ਹੋਵੇ, ਉਸ ਦੁਆਰਾ ਮੰਗੀ ਗਈ ਸੂਚਨਾ ਦੇ ਵੇਰਵੇ ਉਲਿਖਤ ਕਰਦੇ ਹੋਏ, ਬੇਨਤੀ ਕਰੇਗਾ :

ਪਰੰਤੂ ਜਿਥੇ ਅਜਿਹੀ ਬੇਨਤੀ ਲਿਖਤੀ ਤੌਰ ’ਤੇ ਨਹੀਂ ਕੀਤੀ ਜਾ ਸਕਦੀ ਉਥੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਿਹੀ ਕਿ ਸੂਰਤ ਹੋਵੇ, ਜ਼ੁਬਾਨੀ ਬੇਨਤੀ ਕਰ ਰਹੇ ਵਿਅਕਤੀ ਨੂੰ ਉਸ ਨੂੰ ਲਿਖਤ ਵਿਚ ਲਿਆਉਣ ਲਈ ਸਾਰੀ ਵਾਜਬ ਸਹਾਇਤਾ ਦੇਵੇਗਾ।

(2) ਸੂਚਨਾ ਦੇ ਲਈ ਬੇਨਤੀ ਕਰਨ ਵਾਲੇ ਕਿਸੇ ਦਰਖ਼ਾਸਤਕਾਰ ਤੋਂ ਸੂਚਨਾ ਦੀ ਬੇਨਤੀ ਕਰਨ ਲਈ ਕੋਈ ਕਾਰਨ ਜਾਂ ਕੋਈ ਨਿੱਜੀ ਵੇਰਵੇ, ਸਿਵਾਏ ਉਸ ਦੇ ਜੋ ਉਸ ਨਾਲ ਸੰਪਰਕ ਕਰਨ ਦੇ ਲਈ ਜ਼ਰੂਰੀ ਹੋਣ, ਦੇਣਾ ਨਹੀਂ ਲੋੜਿਆ ਜਾਵੇਗਾ।

(3) ਜਿੱਥੇ, ਕੋਈ ਦਰਖ਼ਾਸਤ ਕਿਸੇ ਲੋਕ ਅਥਾਰਟੀ ਨੂੰ ਕਿਸੇ ਅਜਿਹੀ ਸੂਚਨਾ ਦੇ ਲਈ ਬੇਨਤੀ ਕਰਦੇ ਹੋਏ ਦਿੱਤੀ ਜਾਂਦੀ ਹੈ -

(1) ਜੋ ਕਿਸੇ ਹੋਰ ਲੋਕ ਅਥਾਰਟੀ ਦੁਆਰਾ ਧਾਰਤ ਹੈ ; ਜਾਂ

(2) ਜਿਸ ਦਾ ਵਿਸ਼ਾ-ਵਸਤੂ ਕਿਸੇ ਹੋਰ ਲੋਕ ਅਥਾਰਟੀ ਦੇ ਕਾਰਜਕਾਰਾਂ ਨਾਲ ਜ਼ਿਆਦਾ ਨੇੜੇ ਤੋਂ ਸਬੰਧਿਤ ਹੈ, ਉਥੇ ਉਹ ਲੋਕ ਅਥਾਰਟੀ, ਜਿਸ ਨੂੰ ਅਜਿਹੀ ਦਰਖ਼ਾਸਤ ਦਿੱਤੀ ਗਈ ਹੈ, ਅਜਿਹੀ ਦਰਖ਼ਾਸਤ ਜਾਂ ਉਸ ਦੇ ਅਜਿਹੇ ਭਾਗ ਨੂੰ, ਜੋ ਉਚਿਤ ਹੋਵੇ, ਅਜਿਹੀ ਹੋਰ ਲੋਕ ਅਥਾਰਟੀ ਨੂੰ ਤਬਦੀਲ ਕਰੇਗੀ ਅਤੇ ਅਜਿਹੀ ਤਬਦੀਲੀ ਬਾਰੇ, ਦਰਖ਼ਾਸਤਕਾਰ ਨੂੰ ਤੁਰੰਤ ਸੂਚਨਾ ਦੇਵੇਗੀ :

ਪਰੰਤੂ ਇਹ ਕਿ ਇਸ ਉਪ-ਧਾਰਾ ਦੇ ਅਨੁਸਰਣ ਵਿਚ ਕਿਸੇ ਦਰਖ਼ਾਸਤ ਦੀ ਤਬਦੀਲੀ ਜਿੰਨੀ ਛੇਤੀ ਅਮਲਯੋਗ ਹੋਵੇ, ਕੀਤੀ ਜਾਵੇਗੀ ਪਰੰਤੂ ਹਰ ਸੂਰਤ ਵਿਚ ਦਰਖ਼ਾਸਤ ਪ੍ਰਾਪਤੀ ਦੀ ਤਰੀਕ ਤੋਂ ਪੰਜ ਦਿਨ ਬੀਤਣ ਤੋਂ ਪਹਿਲਾਂ ਕੀਤੀ ਜਾਵੇਗੀ।

**7. ਬੇਨਤੀ ਦਾ ਨਿਪਟਾਰਾ -**

(1) ਧਾਰਾ 5 ਦੀ ਉਪ-ਧਾਰਾ (2) ਦੇ ਪਰੰਤੁਕ ਜਾਂ ਧਾਰਾ 6 ਦੀ ਉਪ-ਧਾਰਾ (3) ਦੇ ਪਰੰਤੁਕ ਦੇ ਤਾਬੇ, ਧਾਰਾ 6 ਦੇ ਅਧੀਨ ਬੇਨਤੀ ਪ੍ਰਾਪਤ ਹੋਣ 'ਤੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਜਿੰਨੀ ਛੇਤੀ ਸੰਭਵ ਹੋ ਸਕੇ ਅਤੇ ਹਰ ਸੂਰਤ ਵਿਚ ਬੇਨਤੀ ਦੀ ਪ੍ਰਾਪਤ ਤੋਂ ਤੀਹ ਦਿਨਾਂ ਦੇ ਅੰਦਰ, ਅਜਿਹੀ ਫ਼ੀਸ ਦੀ ਅਦਾਇਗੀ ਤੇ ਜੋ ਮੁਕੱਰਰ ਕੀਤੀ ਜਾਵੇ, ਜਾਂ ਤਾਂ ਸੂਚਨਾ ਉਪਲੱਬਧ ਕਰਵਾਏਗਾ ਜਾਂ ਧਾਰਾ 8 ਅਤੇ ਧਾਰਾ 9 ਵਿਚ ਉਲਿਖਤ ਕਾਰਨਾਂ ਵਿਚੋਂ ਕਿਸੇ ਕਾਰਨ ਕਰਕੇ ਬੇਨਤੀ ਨੂੰ ਨਾ-ਮਨਜ਼ੂਰ ਕਰੇਗਾ :

ਪਰੰਤੂ ਜਿਥੇ ਮੰਗੀ ਗਈ ਸੂਚਨਾ ਦਾ ਸਬੰਧ ਕਿਸੇ ਵਿਅਕਤੀ ਦੀ ਜਾਨ ਜਾਂ ਸੁਤੰਤਰਤਾ ਨਾਲ ਹੈ, ਉਥੇ ਉਹ ਬੇਨਤੀ ਦੇ ਪ੍ਰਾਪਤ ਹੋਣ ਤੋਂ ਅਠਤਾਲੀ ਘੰਟੇ ਦੇ ਅੰਦਰ ਉਪਲੱਬਧ ਕਰਵਾਈ ਜਾਵੇਗੀ।

(2) ਜੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਉਪ-ਧਾਰਾ (1) ਦੇ ਅਧੀਨ ਉਲਿਖਤ ਮੁਦੱਤ ਦੇ ਅੰਦਰ ਸੂਚਨਾ ਦੇ ਲਈ ਬੇਨਤੀ ਤੇ ਫ਼ੈਸਲਾ ਕਰਨ ਵਿਚ ਅਸਫ਼ਲ ਰਹਿੰਦਾ ਹੈ ਤਾਂ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਦੇ ਬਾਰੇ ਇਹ ਸਮਝਿਆ ਜਾਵੇਗਾ ਕਿ ਉਸ ਨੇ ਬੇਨਤੀ ਨੂੰ ਨਾ-ਮੰਜ਼ੂਰ ਕਰ ਦਿੱਤਾ ਹੈ।

(3) ਜਿੱਥੇ ਸੂਚਨਾ ਉਪਲੱਬਧ ਕਰਾਉਣ ਦੀ ਲਾਗਤ ਨੂੰ ਦਰਸਾਉਂਦੀ ਕਿਸੇ ਹੋਰ ਫ਼ੀਸ ਦੀ ਅਦਾਇਗੀ ਕਰਨ ਤੇ ਸੂਚਨਾ ਉਪਲੱਬਧ ਕਰਨ ਦਾ ਫ਼ੈਸਲਾ ਕੀਤਾ ਜਾਂਦਾ ਹੈ, ਉਥੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਬੇਨਤੀ ਕਰਨ ਵਾਲੇ ਵਿਅਕਤੀ ਨੂੰ,

(ੳ) ਉਸ ਦੁਆਰਾ ਤੈਅ ਕੀਤੀ, ਸੂਚਨਾ ਉਪਲਬੱਧ ਕਰਾਉਣ ਦੀ ਲਾਗਤ ਵਜੋਂ, ਹੋਰ ਫ਼ੀਸ ਦੇ ਵੇਰਵੇ, ਉਪ-ਧਾਰਾ (1) ਅਧੀਨ ਮੁਕੱਰਰ ਫ਼ੀਸ ਦੇ ਅਨੁਸਾਰ ਰਕਮ ਕੱਢਣ ਲਈ ਲਾਏ ਗਏ ਲੇਖਿਆਂ ਸਹਿਤ, ਦਿੰਦੇ ਹੋਏ ਉਸ ਨੂੰ ਉਹ ਫ਼ੀਸ ਜਮ੍ਹਾ ਕਰਨ ਦੀ ਬੇਨਤੀ ਕਰਦੇ ਹੋਏ ਇਤਲਾਹ ਭੇਜੇਗਾ ਅਤੇ ਉਕਤ ਇਤਲਾਹ ਭੇਜਣ ਅਤੇ ਫ਼ੀਸ ਦੀ ਅਦਾਇਗੀ ਦੇ ਵਿਚਕਾਰ ਪੈਂਦੀ ਮੁੱਦਤ ਨੂੰ, ਉਸ ਉਪ-ਧਾਰਾ ਵਿਚ ਹਵਾਲਾ ਦਿੱਤੀ ਤੀਹ ਦਿਨ ਦੀ ਮੁਦੱਤ ਦਾ ਹਿਸਾਬ ਲਾਉਣ ਦੇ ਪ੍ਰਯੋਜਨ ਲਈ ਕੱਢ ਦਿੱਤਾ ਜਾਵੇਗਾ;

(ਅ) ਚਾਰਜ ਕੀਤੀ ਗਈ ਫ਼ੀਸ ਦੀ ਰਕਮ ਜਾਂ ਉਪਲੱਬਧ ਕੀਤੀ ਗਈ ਪਹੁੰਚ ਦੇ ਰੂਪ ਬਾਰੇ, ਫ਼ੈਸਲੇ ਦੀ ਨਜ਼ਰਸਾਨੀ ਦੇ ਸਬੰਧ ਵਿਚ ਉਸ ਦੇ ਅਧਿਕਾਰ ਨਾਲ ਸਬੰਧਿਤ ਸੂਚਨਾ ਦਿੰਦੇ ਹੋਏ, ਜਿਸ ਵਿਚ ਅਪੀਲੀ ਅਥਾਰਟੀ ਦੇ ਵੇਰਵੇ, ਸਮਾਂ ਸੀਮਾਂ, ਪ੍ਰੋਸੈਸ ਅਤੇ ਕੋਈ ਹੋਰ ਰੂਪ ਸ਼ਾਮਿਲ ਹਨ, ਇਤਲਾਹ ਭੇਜੇਗਾ।

(4) ਜਿੱਥੇ, ਇਸ ਐਕਟ ਅਧੀਨ ਰਿਕਾਰਡ ਜਾਂ ਉਸ ਦੇ ਕਿਸੇ ਭਾਗ ਤੱਕ ਪਹੁੰਚ ਲੋੜੀਂਦੀ ਹੈ ਅਤੇ ਅਜਿਹਾ ਵਿਅਕਤੀ, ਜਿਸ ਨੂੰ ਪਹੁੰਚ ਉਪਲੱਬਧ ਕਰਵਾਈ ਜਾਣੀ ਹੈ, ਸੰਵੇਦਕ ਤੌਰ 'ਤੇ ਨਕਾਰਾ ਹੈ, ਉਥੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਸੂਚਨਾ ਤੱਕ ਪਹੁੰਚ ਕਰਨ ਦੇ ਸਮਰੱਥ ਬਣਾਉਣ ਲਈ ਸਹਾਇਤਾ ਉਪਲੱਬਧ ਕਰੇਗਾ ਜਿਸ ਵਿਚ ਨਿਰੀਖਣ ਲਈ ਅਜਿਹੀ ਸਹਾਇਤਾ ਕਰਨਾ ਵੀ ਸ਼ਾਮਿਲ ਹੈ, ਜੋ ਉਚਿਤ ਹੋਵੇ।

(5) ਜਿਥੇ ਸੂਚਨਾ ਤੱਕ ਪਹੁੰਚ, ਛਪੇ ਜਾਂ ਕਿਸੇ ਇਲੈਕਟ੍ਰਾਨਿਕ ਫ਼ਾਰਮੇਟ ਵਿਚ ਉਪਲੱਬਧ ਕੀਤੀ ਜਾਣੀ ਹੈ, ਉਥੇ ਦਰਖ਼ਾਸਤਕਾਰ, ਉਪ-ਧਾਰਾ (6) ਦੇ ਉਪਬੰਧਾਂ ਦੇ ਤਾਬੇ, ਅਜਿਹੀ ਫੀਸ ਦੀ

ਅਦਾਇਗੀ ਕਰੇਗਾ, ਜੋ ਮੁਕੱਰਰ ਕੀਤੀ ਜਾਵੇ :

ਪਰੰਤੂ ਧਾਰਾ 6 ਦੀ ਉਪ-ਧਾਰਾ (1) ਅਤੇ ਧਾਰਾ 7 ਦੀ ਉਪ-ਧਾਰਾ (1) ਅਤੇ ਉਪ-ਧਾਰਾ (5) ਦੇ ਅਧੀਨ ਮੁਕੱਰਰ ਫ਼ੀਸ ਵਾਜਬ ਹੋਵੇਗੀ ਅਤੇ ਅਜਿਹੇ ਵਿਅਕਤੀਆਂ ਤੋਂ ਜੋ ਗਰੀਬੀ ਦੀ ਰੇਖਾ ਤੋਂ ਹੇਠਾਂ ਹਨ, ਜਿਸ ਤਰ੍ਹਾਂ ਮੁਨਾਸਬ ਸਰਕਾਰ ਦੁਆਰਾ ਤੈਅ ਕੀਤਾ ਜਾਵੇ, ਕੋਈ ਫ਼ੀਸ ਚਾਰਜ ਨਹੀਂ ਕੀਤੀ ਜਾਵੇਗੀ।

(6) ਉਪ-ਧਾਰਾ (5) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਵੀ, ਜਿੱਥੇ ਕਈ ਲੋਕ ਅਥਾਰਟੀ ਉਪ-ਧਾਰਾ (1) ਵਿਚ ਉਲਿਖਤ ਸਮਾਂ ਸੀਮਾਂ ਦੀ ਪਾਲਣਾ ਕਰਨ ਵਿਚ ਅਸਫ਼ਲ ਰਹਿੰਦੀ ਹੈ, ਉਥੇ ਸੂਚਨਾ ਦੇ ਲਈ ਬੇਨਤੀ ਕਰਨ ਵਾਲੇ ਵਿਅਕਤੀ ਨੂੰ ਮੁਫ਼ਤ ਸੂਚਨਾ ਉਪਲੱਬਧ ਕਰਵਾਈ ਜਾਵੇਗੀ।

(7) ਉਪ-ਧਾਰਾ (1) ਅਧੀਨ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਧਾਰਾ 11 ਅਧੀਨ ਕਿਸੇ ਤੀਜੀ ਧਿਰ ਦੁਆਰਾ ਕੀਤੀ ਗਈ ਪ੍ਰਤੀ-ਬੇਨਤੀ ਨੂੰ ਧਿਆਨ ਵਿਚ ਰੱਖੇਗਾ।

(8) ਜਿੱਥੇ ਕਿਸੇ ਬੇਨਤੀ ਨੂੰ ਉਪ-ਧਾਰਾ (1) ਅਧੀਨ ਨਾ-ਮਨਜੂਰ ਕੀਤਾ ਗਿਆ ਹੈ ਉਥੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਬੇਨਤੀ ਕਰਨ ਵਾਲੇ ਵਿਅਕਤੀ ਨੂੰ,

(1) ਅਜਿਹੀ ਨਾ-ਮਨਜ਼ੂਰੀ ਦੇ ਕਾਰਨ ;

(2) ਉਹ ਮੁਦੱਤ, ਜਿਸ ਦੇ ਅੰਦਰ ਅਜਿਹੀ ਨਾ-ਮਨਜ਼ੂਰੀ ਦੇ ਵਿਰੁੱਧ ਕੋਈ ਅਪੀਲ ਕੀਤੀ ਜਾ ਸਕੇਗੀ; ਅਤੇ

(3) ਅਪੀਲ ਅਥਾਰਟੀ ਦੇ ਵੇਰਵੇ, ਸੰਸੂਚਿਤ ਕਰੇਗਾ।

(9) ਕੋਈ ਸੂਚਨਾ ਸਾਧਾਰਣ ਤੌਰ 'ਤੇ ਉਸੇ ਰੂਪ ਵਿਚ ਉਪਲੱਬਧ ਕੀਤੀ ਜਾਵੇਗੀ ਜਿਸ ਵਿਚ ਉਸ ਦੀ ਮੰਗ ਕੀਤੀ ਗਈ ਹੈ, ਜੇਕਰ ਉਹ ਲੋਕ ਅਥਾਰਟੀ ਦੇ ਵਸੀਲਿਆਂ ਦਾ ਅਣ-ਅਨੁਪਾਤਕ ਤੌਰ 'ਤੇ ਰੁੱਖ ਨਾ ਮੋੜਦੀ ਹੋਵੇ ਜਾਂ ਪੁੱਛ ਅਧੀਨ ਰਿਕਾਰਡ ਦੀ ਸੁਰੱਖਿਆ ਜਾਂ ਸੰਭਾਲ ਲਈ ਹਾਨੀਕਾਰਕ ਨਾ ਹੋਵੇ।

**8. ਸੂਚਨਾ ਦੇ ਪ੍ਰਗਟਾਵੇ ਤੋਂ ਛੋਟ –**

(1) ਇਸ ਐਕਟ ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਕਿਸੇ ਨਾਗਰਿਕ ਨੂੰ ਹੇਠ-ਲਿਖੀ ਸੂਚਨਾ ਦੇਣ ਦੀ ਬਾਂਧ ਨਹੀਂ ਹੋਵੇਗੀ,

(ੳ) ਸੂਚਨਾ, ਜਿਸ ਦੇ ਪ੍ਰਗਟਾਉ ਨਾਲ ਭਾਰਤ ਦੀ ਪ੍ਰਭੁਤਾ ਅਤੇ ਅਖੰਡਤਾ, ਰਾਜ ਦੀ ਸੁਰੱਖਿਆ, ਯੁੱਧ ਨੀਤੀ, ਵਿਗਿਆਨਕ ਜਾਂ ਆਰਥਿਕ ਹਿੱਤ, ਬਦੇਸ਼ੀ ਰਾਜ ਨਾਲ ਸਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪੈਂਦਾ ਹੋਵੇ ਜਾਂ ਕਿਸੇ ਅਪਰਾਧ ਦੇ ਉਕਸਾਉਣ ਵੱਲ ਲਿਜਾਂਦੀ ਹੋਵੇ ;

(ਅ) ਸੂਚਨਾ, ਜਿਸ ਦਾ ਪ੍ਰਕਾਸ਼ਨ ਕਰਨਾ ਕਿਸੇ ਕਾਨੂੰਨੀ ਅਦਾਲਤ ਜਾਂ ਟ੍ਰਿਬਿਊਨਲ ਦੁਆਰਾ ਸਪੱਸ਼ਟ ਤੌਰ 'ਤੇ ਵਰਜਿਤ ਕੀਤਾ ਗਿਆ ਹੈ ਜਾਂ ਜਿਸ ਦੇ ਪ੍ਰਗਟਾਉ ਨਾਲ ਅਦਾਲਤ ਦੀ ਤੌਹੀਨ ਹੁੰਦੀ ਹੈ ;

(ੲ) ਸੂਚਨਾ, ਜਿਸ ਦੇ ਪ੍ਰਗਟਾਉ ਨਾਲ ਸੰਸਦ ਜਾਂ ਕਿਸੇ ਰਾਜ ਦੇ ਵਿਧਾਨ-ਮੰਡਲ ਦਾ ਵਿਸ਼ੇਸ਼ ਅਧਿਕਾਰ ਭੰਗ ਹੁੰਦਾ ਹੈ;

(ਸ) ਸੂਚਨਾ, ਜਿਸ ਵਿਚ ਵਪਾਰਕ ਵਿਸ਼ਵਾਸ, ਵਪਾਰ ਭੇਦ ਜਾਂ ਬੌਧਿਕ ਸੰਪੱਤੀ ਸ਼ਾਮਲ ਹੈ, ਜਿਸ ਦੇ ਪ੍ਰਗਟਾਉ ਨਾਲ ਕਿਸੇ ਤੀਜੀ ਧਿਰ ਦੀ ਪ੍ਰਤੀਯੋਗੀ ਸਥਿਤੀ ਦਾ ਨੁਕਸਾਨ ਹੁੰਦਾ ਹੈ, ਜਦ ਤੱਕ ਸਮਰੱਥ ਅਥਾਰਟੀ ਦੀ ਇਹ ਤਸੱਲੀ ਨਹੀਂ ਹੋ ਜਾਂਦੀ ਕਿ ਵਧੇਰੇ ਲੋਕ ਹਿੱਤ ਅਜਿਹੀ ਸੂਚਨਾ ਦਾ ਪ੍ਰਗਟਾਉ ਲੋੜਦਾ ਹੈ ;

(ਹ) ਕਿਸੇ ਵਿਅਕਤੀ ਨੂੰ ਉਸ ਦੇ ਵਿਸ਼ਵਾਸਕ ਸਬੰਧ ਵਿਚ ਉਪਲੱਬਧ ਸੂਚਨਾ, ਜਦ ਤੱਕ ਸਮਰੱਥ ਅਥਾਰਟੀ ਦੀ ਇਹ ਤਸੱਲੀ ਨਹੀਂ ਹੋ ਜਾਂਦੀ ਹੈ ਕਿ ਵਧੇਰੇ ਲੋਕ ਹਿੱਤ ਅਜਿਹੀ ਸੂਚਨਾ ਦਾ ਪ੍ਰਗਟਾਉ ਲੋੜਦਾ ਹੈ ;

(ਕ) ਕਿਸੇ ਬਦੇਸ਼ੀ ਸਰਕਾਰ ਤੋਂ ਵਿਸ਼ਵਾਸ ਵਿਚ ਪ੍ਰਾਪਤ ਸੂਚਨਾ ;

(ਖ) ਸੂਚਨਾ, ਜਿਸ ਦਾ ਪ੍ਰਗਟਾਉ ਕਿਸੇ ਵਿਅਕਤੀ ਦੀ ਜਾਨ ਜਾਂ ਸਰੀਰਕ ਸੁਰੱਖਿਆ ਨੂੰ ਖਤਰੇ ਵਿਚ ਪਾਵੇਗਾ ਜਾਂ ਜੋ ਕਾਨੂੰਨ ਲਾਗੂ ਕਰਨ ਜਾਂ ਸੁਰੱਖਿਆ ਪ੍ਰਯੋਜਨਾਂ ਲਈ ਵਿਸ਼ਵਾਸ ਵਿਚ ਦਿੱਤੀ ਗਈ ਕਿਸੇ ਸੂਚਨਾ ਜਾਂ ਸਹਾਇਤਾ ਦੇ ਸਰੋਤ ਦੀ ਸ਼ਨਾਖਤ ਕਰੇਗਾ :

(ਗ) ਸੂਚਨਾ, ਜਿਸ ਨਾਲ ਤਫ਼ਤੀਸ਼ ਦੀ ਪ੍ਰਕ੍ਰਿਆ ਜਾਂ ਅਪਰਾਧੀਆਂ ਦੇ ਫੜੇ ਜਾਣ ਜਾਂ ਮੁਕੱਦਮਾ ਚਲਾਉਣ ਵਿਚ ਅੜਚਨ ਪਵੇਗੀ ;

(ਘ) ਮੰਤਰੀ ਮੰਡਲ ਦੇ ਕਾਗਜ਼-ਪੱਤਰ, ਜਿਸ ਵਿਚ ਮੰਤਰੀ ਪਰਿਸ਼ਦ, ਸਕੱਤਰਾਂ ਅਤੇ ਹੋਰ ਅਧਿਕਾਰੀਆਂ ਦੀ ਸੋਚ-ਵਿਚਾਰ ਦਾ ਰਿਕਾਰਡ ਸ਼ਾਮਲ ਹੈ :

ਪਰੰਤੂ ਮੰਤਰੀ ਪਰਿਸ਼ਦ ਦੇ ਫ਼ੈਸਲੇ, ਉਨ੍ਹਾਂ ਦੇ ਕਾਰਨ ਅਤੇ ਉਹ ਸਮੱਗਰੀ ਜਿਸ ਦੇ ਆਧਾਰ 'ਤੇ ਫ਼ੈਸਲੇ ਲਏ ਗਏ ਹਨ, ਫ਼ੈਸਲਾ ਲਏ ਜਾਣ ਤੇ ਅਤੇ ਮਾਮਲੇ ਨੂੰ ਪੂਰਾ ਹੋਣ ਜਾਂ ਸਮਾਪਤ ਹੋਣ ਤੋਂ ਪਿਛੋਂ ਲੋਕਾਂ ਨੂੰ ਉਪਲੱਬਧ ਕਰਵਾਏ ਜਾਣਗੇ :

ਪਰੰਤੂ ਇਹ ਹੋਰ ਕਿ ਉਹ ਮਾਮਲੇ ਜੋ ਇਸ ਧਾਰਾ ਵਿਚ ਉਲਿਖਤ ਛੋਟਾਂ ਦੇ ਅੰਦਰ ਆਉਂਦੇ ਹਨ, ਪ੍ਰਗਟ ਨਹੀਂ ਕੀਤੇ ਜਾਣਗੇ ;

(ਙ) ਸੂਚਨਾ, ਜੋ ਵਿਅਕਤੀਗਤ ਸੂਚਨਾ ਨਾਲ ਸਬੰਧਿਤ ਹੈ, ਜਿਸ ਦਾ ਪ੍ਰਗਟਾਉ ਕਿਸੇ ਲੋਕ ਸਰਗਰਮੀ ਜਾਂ ਹਿੱਤ ਨਾਲ ਸਬੰਧ ਨਹੀਂ ਰਖਦਾ, ਜਾਂ ਜਿਸ ਨਾਲ ਵਿਅਕਤੀ ਦੇ ਏਕਾਂਤ ਤੇ ਅਣ-ਉਚਿਤ ਦਖਲਅੰਦਾਜ਼ੀ ਹੁੰਦੀ ਹੈ, ਜਦ ਤੱਕ ਕਿ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਾਂ ਅਪੀਲੀ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਦੀ ਇਹ ਤਸੱਲੀ ਨਹੀਂ ਹੋ ਜਾਂਦੀ ਹੈ ਕਿ ਅਜਿਹੀ ਸੂਚਨਾ ਦਾ ਪ੍ਰਗਟਾਉ ਵਧੇਰੇ ਲੋਕ ਹਿੱਤ ਵਿਚ ਨਿਆਂ ਉਚਿਤ ਹੈ :

ਪਰੰਤੂ ਕੋਈ ਸੂਚਨਾ ਜਿਸ ਤੋਂ ਸੰਸਦ ਜਾਂ ਰਾਜ ਵਿਧਾਨ-ਮੰਡਲ ਨੂੰ ਇਨਕਾਰ ਨਹੀਂ ਕੀਤਾ ਜਾ ਸਕਦਾ ਉਸ ਤੋਂ ਕਿਸੇ ਵਿਅਕਤੀ ਨੂੰ ਵੀ ਇਨਕਾਰ ਨਹੀਂ ਕੀਤਾ ਜਾ ਸਕੇਗਾ।

(2) ਸਰਕਾਰੀ ਭੇਦ ਐਕਟ, 1923 (1923 ਦਾ 19) ਵਿਚ ਜਿਨ੍ਹਾਂ ਦੀ ਉਪ-ਧਾਰਾ (1) ਦੇ ਅਨੁਸਾਰ ਇਜਾਜ਼ਤ ਦਿੱਤੀ ਗਈ ਹੈ ਅਤੇ ਉਨ੍ਹਾਂ ਛੋਟਾਂ ਵਿਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਲੋਕ ਅਥਾਰਟੀ ਸੂਚਨਾ ਤੱਕ ਪਹੁੰਚ ਦੀ ਆਗਿਆ ਦੇ ਸਕੇਗੀ ਜੇ ਪ੍ਰਗਟਾਉ ਨਾਲ ਲੋਕ ਹਿੱਤ ਸੁਰੱਖਿਅਤ ਹਿੱਤਾਂ ਦੇ ਨੁਕਸਾਨ ਤੋਂ ਵੱਧ ਹੋਣ।

(3) ਉਪ-ਧਾਰਾ (1) ਦੇ ਖੰਡ (ੳ), (ੲ) ਅਤੇ (ਘ) ਦੇ ਉਪਬੰਧਾਂ ਦੇ ਤਾਬੇ, ਕਿਸੀ ਅਜਿਹੀ ਘਟਨਾ, ਵਾਕਿਆ ਜਾਂ ਮਾਮਲੇ ਨਾਲ ਸਬੰਧਿਤ ਕੋਈ ਸੂਚਨਾ ਜੋ ਉਸ ਤਾਰੀਕ ਤੋਂ ਜਿਸ ਨੂੰ ਧਾਰਾ 6 ਦੇ ਅਧੀਨ ਕੋਈ ਬੇਨਤੀ ਕੀਤੀ ਜਾਂਦੀ ਹੈ, ਵੀਹ ਸਾਲ ਪਹਿਲਾਂ ਹੋਈ ਸੀ, ਘਟੀ ਸੀ ਜਾਂ ਵਾਪਰੀ ਸੀ, ਉਸ ਧਾਰਾ ਦੇ ਅਧੀਨ ਬੇਨਤੀ ਕਰਨ ਵਾਲੇ ਕਿਸੇ ਵਿਅਕਤੀ ਨੂੰ ਉਪਲੱਬਧ ਕਰਵਾਈ ਜਾਵੇਗੀ :

ਪਰੰਤੂ ਜਿਥੇ ਉਸ ਤਾਰੀਕ ਬਾਬਤ, ਜਿਸ ਤੋਂ ਵੀਹ ਸਾਲ ਦੀ ਉਕਤ ਮੁਦੱਤ ਦੀ ਗਣਨਾ ਕੀਤੀ ਜਾਣੀ ਹੈ, ਕੋਈ ਸਵਾਲ ਪੈਦਾ ਹੁੰਦਾ ਹੈ ਉਥੇ ਇਸ ਐਕਟ ਵਿਚ ਉਸ ਦੇ ਲਈ ਉਪਬੰਧਤ ਆਮ ਅਪੀਲਾਂ ਦੇ ਤਾਬੇ ਕੇਂਦਰੀ ਸਰਕਾਰ ਦਾ ਫ਼ੈਸਲਾ ਅੰਤਮ ਹੋਵੇਗਾ।

**9. ਕੁਝ ਕੁ ਸੂਤਰਾਂ ਵਿਚ ਪਹੁੰਚ ਨੂੰ ਨਾ-ਮਨਜ਼ੂਰ ਕਰਨ ਲਈ ਆਧਾਰ -**

ਧਾਰਾ 8 ਦੇ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਿਹੀ ਕਿ ਸੂਰਤ ਹੋਵੇ, ਸੂਚਨਾ ਲਈ ਕਿਸੇ ਬੇਨਤੀ ਨੂੰ ਉਥੇ ਨਾ-ਮਨਜ਼ੂਰ ਕਰ ਸਕੇਗਾ ਜਿਥੇ ਪਹੁੰਚ ਉਪਲੱਬਧ ਕਰਾਉਣ ਦੀ ਅਜਿਹੀ ਬੇਨਤੀ ਵਿਚ ਰਾਜ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਵਿਚ ਕਾਇਮ ਕਾਪੀ-ਰਾਈਟ ਦੀ ਉਲੰਘਣਾ ਪਲਚੀ ਹੈ।

**10. ਅਲੱਗ ਕਰਨ ਯੋਗਤਾ -**

(1) ਜਿਥੇ ਸੂਚਨਾ ਤੱਕ ਪਹੁੰਚ ਦੀ ਬੇਨਤੀ ਨੂੰ ਇਸ ਆਧਾਰ ਤੇ ਨਾ-ਮਨਜ਼ੂਰ ਕੀਤਾ ਜਾਂਦਾ ਹੈ ਕਿ

ਉਹ ਅਜਿਹੀ ਸੂਚਨਾ ਦੇ ਸਬੰਧ ਵਿਚ ਹੈ ਜਿਸ ਨੂੰ ਪ੍ਰਗਟ ਕੀਤੇ ਜਾਣ ਤੋਂ ਛੋਟ ਹੈ ਉਥੇ ਇਸ ਐਕਟ ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਿਕਾਰਡ ਦੇ ਉਸ ਭਾਗ ਤੱਕ ਪਹੁੰਚ ਕਰਵਾਈ ਜਾ ਸਕੇਗੀ ਜਿਸ ਵਿਚ ਕੋਈ ਅਜਿਹੀ ਸੂਚਨਾ ਦਰਜ ਨਹੀਂ ਹੈ, ਜਿਸ ਨੂੰ ਇਸ ਐਕਟ ਦੇ ਅਧੀਨ ਪ੍ਰਗਟ ਕੀਤੇ ਜਾਣ ਤੋਂ ਛੋਟ ਹੈ ਅਤੇ ਜੋ ਅਜਿਹੇ ਭਾਗ ਤੋਂ, ਜਿਸ ਵਿਚ ਛੋਟ ਪ੍ਰਾਪਤ ਸੂਚਨਾ ਦਰਜ ਹੈ, ਵਾਜਬ ਤੌਰ 'ਤੇ ਅਲੱਗ ਕੀਤੀ ਜਾ ਸਕੇਗੀ।

(2) ਜਿਥੇ ਉਪ-ਧਾਰਾ (1) ਦੇ ਅਧੀਨ ਰਿਕਾਰਡ ਦੇ ਕਿਸੇ ਭਾਗ ਤੱਕ ਪਹੁੰਚ ਦੇ ਦਿੱਤੀ ਜਾਂਦੀ ਹੈ, ਉਥੇ ਕੇਂਦਰੀ ਲੋਕ ਸੂਚਨਾ ਅਫ਼ਸਰ ਜਾਂ ਰਾਜ ਲੋਕ ਸੂਚਨਾ ਅਫ਼ਸਰ, ਜਿਹੀ ਕਿ ਸੂਰਤ ਹੋਵੇ, ਹੇਠ ਲਿਖੀ ਸੂਚਨਾ ਦਿੰਦੇ ਹੋਏ, ਦਰਖ਼ਾਸਤਕਾਰ ਨੂੰ ਇੱਕ ਨੋਟਿਸ ਦੇਵੇਗਾ, ਕਿ -

(ੳ) ਬੇਨਤੀ ਕੀਤੇ ਗਏ ਰਿਕਾਰਡ ਦਾ ਕੇਵਲ ਉਹ ਭਾਗ ਹੀ, ਉਸ ਰਿਕਾਰਡ ਤੋਂ ਉਸ ਸੂਚਨਾ ਨੂੰ ਜਿਸ ਨੂੰ ਪ੍ਰਗਟ ਕਰਨ ਤੋਂ ਛੋਟ ਹੈ, ਅਲੱਗ ਕਰਨ ਦੇ ਪਿੱਛੋਂ ਉਪਲੱਬਧ ਕਰਵਾਇਆ ਜਾ ਰਿਹਾ ਹੈ।

(ਅ) ਫ਼ੈਸਲੇ ਦੇ ਲਈ ਕਾਰਨ, ਜਿਸ ਵਿਚ ਤੱਥ ਦੇ ਕਿਸੇ ਅਹਿਮ ਸਵਾਲ ਤੇ, ਉਸ ਸਮੱਗਰੀ ਦੇ ਪ੍ਰਤੀ, ਜਿਸ ਤੇ ਨਿਰਣਾ ਅਧਾਰਿਤ ਸੀ, ਹਵਾਲਾ ਦਿੰਦੇ ਹੋਏ, ਨਿਰਣੇ ਵੀ ਸ਼ਾਮਲ ਹਨ ;

(ੲ) ਫ਼ੈਸਲੇ ਕਰਨ ਵਾਲੇ ਵਿਅਕਤੀ ਦਾ ਨਾਂ ਅਤੇ ਅਹੁਦਾ ;

(ਸ) ਉਸ ਦੁਆਰਾ ਹਿਸਾਬ ਲਗਾਈ ਗਈ ਫ਼ੀਸ ਦੇ ਵੇਰਵੇ ਅਤੇ ਫ਼ੀਸ ਦੀ ਉਹ ਰਕਮ ਜਿਸ ਨੂੰ ਜਮ੍ਹਾਂ ਕਰਨਾ ਬੇਨਤੀਕਰਤਾ ਤੋਂ ਲੋੜਿਆ ਜਾਂਦਾ ਹੈ ; ਅਤੇ

(ਹ) ਸੂਚਨਾ ਦੇ ਭਾਗ ਨੂੰ ਨਾ ਪ੍ਰਗਟ ਕਰਨ ਸਬੰਧੀ ਫ਼ੈਸਲੇ ਦੀ, ਚਾਰਜ ਕੀਤੀ ਫ਼ੀਸ ਦੀ ਰਕਮ ਜਾਂ ਉਪਲੱਬਧ ਕਰਾਈ ਗਈ ਪਹੁੰਚ ਦੇ ਰੂਪ ਦੀ, ਜਿਸ ਵਿਚ ਧਾਰਾ 19 ਦੀ ਉਪ-ਧਾਰਾ (1) ਅਧੀਨ ਉਲਿਖਤ ਸੀਨੀਅਰ ਅਧਿਕਾਰੀ ਜਾਂ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਦੇ ਵੇਰਵੇ, ਸਮਾਂ ਸੀਮਾ, ਪ੍ਰਕਰਮ ਅਤੇ ਪਹੁੰਚ ਦਾ ਕੋਈ ਹੋਰ ਰੂਪ ਸ਼ਾਮਲ ਹੈ, ਨਜ਼ਰਸ਼ਾਨੀ ਬਾਰੇ ਉਸ ਦੇ ਅਧਿਕਾਰ।

**11. ਤੀਜੀ ਧਿਰ ਦੀ ਸੂਚਨਾ** -

(1) ਜਿੱਥੇ, ਕਿਸੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਦੀ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਦੇ ਅਧੀਨ ਕੀਤੀ ਗਈ ਬੇਨਤੀ ਤੇ ਕੋਈ ਅਜਿਹੀ ਸੂਚਨਾ ਜਾਂ ਰਿਕਾਰਡ ਜਾਂ ਉਸ ਦੇ ਕਿਸੇ ਭਾਗ ਨੂੰ ਪ੍ਰਗਟ ਕਰਨ ਦੀ ਮਨਸ਼ਾ ਹੈ, ਜੋ ਕਿਸੇ ਤੀਜੀ ਧਿਰ ਨਾਲ ਸਬੰਧਿਤ ਹੈ ਜਾਂ ਉਸ ਦੁਆਰਾ ਮੁਹੱਈਆ ਕੀਤਾ ਗਿਆ ਹੈ ਅਤੇ ਉਸ ਨੂੰ ਤੀਜੀ ਧਿਰ ਦੁਆਰਾ ਗੁਪਤ ਮੰਨਿਆ ਗਿਆ ਹੈ ਉਥੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਬੇਨਤੀ ਪ੍ਰਾਪਤ ਹੋਣ ਤੋਂ ਪੰਜ ਦਿਨਾਂ ਦੇ ਅੰਦਰ ਅਜਿਹੀ ਤੀਜੀ ਧਿਰ ਨੂੰ ਬੇਨਤੀ ਦੀ ਅਤੇ ਇਸ ਤੱਥ ਦੀ ਲਿਖਤੀ ਰੂਪ ਵਿਚ ਸੂਚਨਾ ਦੇਵੇਗਾ ਕਿ , ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਦੀ, ਜਿਹੀ ਕਿ ਸੂਰਤ ਹੋਵੇ, ਅਜਿਹੀ ਸੂਚਨਾ ਜਾਂ ਰਿਕਾਰਡ ਜਾਂ ਉਸ ਦੇ ਕਿਸੇ ਭਾਗ ਨੂੰ ਪ੍ਰਗਟ ਕਰਨ ਦੀ ਮਨਸ਼ਾ ਹੈ ਅਤੇ ਇਸ ਬਾਰੇ ਕਿ ਕੀ ਸੂਚਨਾ ਪ੍ਰਗਟ ਕੀਤੀ ਜਾਣੀ ਚਾਹੀਦੀ ਹੈ ਜਾਂ ਨਹੀਂ ਤੀਜੀ ਧਿਰ ਨੂੰ ਜ਼ੁਬਾਨੀ ਜਾਂ ਲਿਖਤੀ ਰੂਪ ਵਿਚ ਅਰਜ ਕਰਨ ਦੇ ਲਈ ਮੰਗ ਕਰੇਗਾ ਅਤੇ ਸੂਚਨਾ ਦੇ ਪ੍ਰਗਟ ਕਰਨ ਦੇ ਬਾਰੇ ਵਿਚ ਕੋਈ ਫ਼ੈਸਲਾ ਕਰਦੇ ਸਮੇਂ ਤੀਜੀ ਧਿਰ ਦੀ ਅਜਿਹੀ ਅਰਜ ਨੂੰ ਧਿਆਨ ਵਿਚ ਰੱਖੇਗਾ:

ਪਰੰਤੂ ਕਾਨੂੰਨ ਦੁਆਰਾ ਸੁਰੱਖਿਅਤ ਵਪਾਰ ਜਾਂ ਵਣਜਕ ਭੇਦਾਂ ਦੀ ਸੂਰਤ ਦੇ ਸਿਵਾਏ, ਜੇ ਅਜਿਹੇ ਪ੍ਰਗਟਾਉ ਵਿਚ ਲੋਕ ਹਿੱਤ, ਅਜਿਹੀ ਤੀਜੀ ਧਿਰ ਦੇ ਹਿੱਤਾਂ ਨੂੰ ਕੋਈ ਸੰਭਵ ਨੁਕਸਾਨ ਜਾਂ ਹਾਨੀ ਤੋਂ ਵੱਧ ਮਹੱਤਵਪੂਰਨ ਹੋ ਜਾਣ ਤਾਂ ਪ੍ਰਗਟਾਉ ਦੀ ਇਜਾਜ਼ਤ ਦਿੱਤੀ ਜਾ ਸਕੇਗੀ।

(2) ਜਿੱਥੇ ਉਪ-ਧਾਰਾ (1) ਅਧੀਨ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ

ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਤੀਜੀ ਧਿਰ ਨੂੰ ਕੋਈ ਸੂਚਨਾ ਜਾਂ ਰਿਕਾਰਡ ਜਾਂ ਉਸ ਦੇ ਕਿਸੇ ਭਾਗ ਬਾਰੇ ਕਿਸੇ ਨੋਟਿਸ ਦੀ ਤਾਮੀਲ ਕੀਤੀ ਜਾਂਦੀ ਹੈ, ਉਥੇ ਅਜਿਹੀ ਤੀਜੀ ਧਿਰ ਨੂੰ ਅਜਿਹੇ ਨੋਟਿਸ ਦੀ ਪ੍ਰਾਪਤੀ ਦੀ ਤਾਰੀਕ ਤੋਂ ਦਸ ਦਿਨਾਂ ਦੇ ਅੰਦਰ, ਤਜਵੀਜ਼ਤ ਪ੍ਰਗਟਾਉ ਦੇ ਵਿਰੁੱਧ ਪ੍ਰਤੀ-ਬੇਨਤੀ ਕਰਨ ਦਾ ਮੌਕਾ ਦਿੱਤਾ ਜਾਵੇਗਾ।

(3) ਧਾਰਾ 7 ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਧਾਰਾ 6 ਦੇ ਅਧੀਨ ਬੇਨਤੀ ਪ੍ਰਾਪਤ ਹੋਣ ਤੋਂ ਪਿਛੋਂ ਚਾਲੀ ਦਿਨਾਂ ਦੇ ਅੰਦਰ, ਜੇ ਤੀਜੀ ਧਿਰ ਨੂੰ ਉਪ-ਧਾਰਾ (2) ਦੇ ਅਧੀਨ ਪ੍ਰਤੀ-ਬੇਨਤੀ ਕਰਨ ਦਾ ਮੌਕਾ ਦੇ ਦਿੱਤਾ ਗਿਆ ਹੈ, ਤਾਂ ਉਹ ਇਸ ਬਾਬਤ ਫੈਸਲਾ ਕਰੇਗਾ ਕਿ ਕੀ ਉਸ ਸੂਚਨਾ ਜਾਂ ਰਿਕਾਰਡ ਜਾਂ ਉਸ ਦੇ ਕਿਸੇ ਭਾਗ ਨੂੰ ਪ੍ਰਗਟ ਕੀਤਾ ਜਾਣਾ ਹੈ ਜਾਂ ਨਹੀਂ ਅਤੇ ਆਪਣੇ ਫੈਸਲੇ ਦਾ ਨੋਟਿਸ ਲਿਖਤੀ ਰੂਪ ਵਿਚ ਤੀਜੀ ਧਿਰ ਨੂੰ ਦੇਵੇਗਾ।

(4) ਉਪ-ਧਾਰਾ (3) ਅਧੀਨ ਦਿੱਤੇ ਗਏ ਨੋਟਿਸ ਵਿਚ ਇਹ ਵਿਵਰਣ ਸ਼ਾਮਲ ਹੋਵੇਗਾ ਕਿ ਤੀਜੀ ਧਿਰ, ਜਿਸ ਨੂੰ ਨੋਟਿਸ ਦਿੱਤਾ ਗਿਆ ਹੈ, ਧਾਰਾ 19 ਦੇ ਅਧੀਨ ਉਸ ਫ਼ੈਸਲੇ ਦੇ ਵਿਰੁੱਧ ਅਪੀਲ ਕਰਨ ਦੀ ਹੱਕਦਾਰ ਹੈ।

# ਅਧਿਆਏ III

## ਕੇਂਦਰੀ ਸੂਚਨਾ ਕਮਿਸ਼ਨ

**12. ਕੇਂਦਰੀ ਸੂਚਨਾ ਕਮਿਸ਼ਨ ਦਾ ਗਠਨ -**

(1) ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ, ਕੇਂਦਰੀ ਸੂਚਨਾ ਕਮਿਸ਼ਨ ਦੇ ਨਾਂ ਨਾਲ ਜਾਣੀ ਜਾਣ ਵਾਲੀ ਇਕ ਸੰਸਥਾ ਦਾ ਗਠਨ ਕਰੇਗੀ ਜੋ ਇਸ ਐਕਟ ਅਧੀਨ ਉਸ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਅਤੇ ਸੌਂਪੇ ਗਏ ਕਾਜਕਾਰ ਕਰੇਗੀ।

(2) ਕੇਂਦਰੀ ਸੂਚਨਾ ਕਮਿਸ਼ਨ ਹੇਠ ਲਿਖਿਆਂ ਤੋਂ ਮਿਲਕੇ ਬਣੇਗਾ -

(ੳ) ਮੁੱਖ ਸੂਚਨਾ ਕਮਿਸ਼ਨਰ; ਅਤੇ

(ਅ) ਦਸ ਤੋਂ ਨਾ ਵੱਧ, ਉਂਨੇ ਕੇਂਦਰੀ ਸੂਚਨਾ ਕਮਿਸ਼ਨਰ ਜਿੰਨੇ ਜ਼ਰੂਰੀ ਸਮਝੇ ਜਾਣ।

(3) ਮੁੱਖ ਸੂਚਨਾ ਕਮਿਸ਼ਨਰ ਅਤੇ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਹੇਠ-ਲਿਖਿਆਂ ਤੋਂ ਮਿਲਕੇ ਬਣੀ ਕਮੇਟੀ ਦੀ ਸਿਫ਼ਾਰਸ਼ ਤੇ ਕੀਤੀ ਜਾਵੇਗੀ -

(1) ਪ੍ਰਧਾਨ ਮੰਤਰੀ, ਜੋ ਕਮੇਟੀ ਦਾ ਚੇਅਰਪਰਸਨ ਹੋਵੇਗਾ;

(2) ਲੋਕ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ; ਅਤੇ

(3) ਪ੍ਰਧਾਨ ਮੰਤਰੀ ਦੁਆਰਾ ਨਾਮਜ਼ਦ ਸੰਘ ਕੈਬਨਿਟ ਮੰਤਰੀ।

ਵਿਆਖਿਆ, - ਸ਼ੰਕੇ ਦੂਰ ਕਰਨ ਦੇ ਪ੍ਰਯੋਜਨ ਲਈ, ਇੱਥੇ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿੱਥੇ ਲੋਕ ਸਭਾ

ਵਿਚ ਵਿਰੋਧੀ ਧਿਰ ਦੇ ਨੇਤਾ ਨੂੰ ਅਜਿਹੇ ਤੌਰ 'ਤੇ ਮਾਨਤਾ ਨਹੀਂ ਦਿੱਤੀ ਗਈ ਹੈ, ਉਥੇ ਲੋਕ ਸਭਾ ਵਿਚ ਸਰਕਾਰ ਵਿਰੋਧੀ ਇਕੱਲੇ ਸਭ ਤੋਂ ਵੱਡੇ ਗਰੁੱਪ ਦੇ ਨੇਤਾ ਨੂੰ, ਵਿਰੋਧੀ ਧਿਰ ਦੇ ਨੇਤਾ ਸਮਝਿਆ ਜਾਵੇਗਾ।

(4) ਕੇਂਦਰੀ ਸੂਚਨਾ ਕਮਿਸ਼ਨ ਦੇ ਕਾਰ-ਵਿਹਾਰ ਦੀ ਸਧਾਰਨ ਨਿਗਰਾਨੀ, ਨਿਦੇਸ਼ਨ ਅਤੇ ਪ੍ਰਬੰਧ ਮੁੱਖ ਸੂਚਨਾ ਕਮਿਸ਼ਨਰ ਵਿਚ ਨਿਹਿੱਤ ਹੋਵੇਗਾ, ਜਿਸ ਦੀ ਸਹਾਇਤਾ ਸੂਚਨਾ ਕਮਿਸ਼ਨਰਾਂ ਦੁਆਰਾ ਕੀਤੀ ਜਾਵੇਗੀ ਅਤੇ ਉਹ ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਸਾਰੇ ਕਾਰਜ ਅਤੇ ਗੱਲਾਂ ਕਰ ਸਕੇਗਾ, ਜਿਨ੍ਹਾਂ ਦੀ ਕੇਂਦਰੀ ਸੂਚਨਾ ਕਮਿਸ਼ਨ ਦੁਆਰਾ ਖ਼ੁਦ-ਮੁਖਤਿਆਰ ਤੌਰ 'ਤੇ, ਇਸ ਐਕਟ ਦੇ ਅਧੀਨ ਕਿਸੇ ਹੋਰ ਅਥਾਰਟੀ ਦੇ ਨਿਦੇਸ਼ਾਂ ਦੇ ਤਾਬੇ ਤੋਂ ਬਿਨਾਂ, ਵਰਤੋਂ ਕੀਤੀ ਜਾ ਸਕਦੀ ਹੈ ਜਾਂ ਕੀਤੀਆਂ ਜਾ ਸਕਦੀਆਂ ਹਨ।

(5) ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ, ਕਾਨੂੰਨ, ਵਿਗਿਆਨ ਅਤੇ ਤਕਨਾਲੋਜੀ, ਸਮਾਜ ਸੇਵਾ, ਪ੍ਰਬੰਧ, ਪੱਤਰਕਾਰੀ, ਜਨਸੰਪਰਕ ਮਾਧਿਅਮ ਜਾਂ ਪ੍ਰਸ਼ਾਸਨ ਅਤੇ ਸ਼ਾਸਨ ਵਿਚ ਵਿਆਪਕ ਗਿਆਨ ਅਤੇ ਤਜਰਬਾ ਰਖਣ ਵਾਲੇ ਲੋਕ ਜੀਵਨ ਵਿਚ ਸ਼ੁਹਰਤ-ਪ੍ਰਾਪਤ ਵਿਅਕਤੀ ਹੋਣਗੇ।

(6) ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ, ਸੰਸਦ ਦਾ ਮੈਂਬਰ ਜਾਂ ਕਿਸੇ ਰਾਜ ਜਾਂ ਸੰਘ ਰਾਜ-ਖੇਤਰ ਦੇ ਵਿਧਾਨ-ਮੰਡਲ ਦਾ ਮੈਂਬਰ, ਜਿਹੀ ਕਿ ਸੂਰਤ ਹੋਵੇ, ਨਹੀਂ ਹੋਵੇਗਾ ਜਾਂ ਕੋਈ ਹੋਰ ਲਾਭ ਦਾ ਅਹੁਦਾ ਧਾਰਨ ਨਹੀਂ ਕਰੇਗਾ ਜਾਂ ਕਿਸੇ ਰਾਜਨੀਤਕ ਦਲ ਨਾਲ ਸਬੰਧਿਤ ਨਹੀਂ ਹੋਵੇਗਾ ਜਾਂ ਕੋਈ ਕਾਰੋਬਾਰ ਨਹੀਂ ਕਰੇਗਾ ਜਾਂ ਕੋਈ ਪੇਸ਼ਾ ਨਹੀਂ ਕਰੇਗਾ।

(7) ਕੇਂਦਰੀ ਸੂਚਨਾ ਕਮਿਸ਼ਨ ਦਾ ਸਦਰ-ਮੁਕਾਮ ਦਿੱਲੀ ਵਿਖੇ ਹੋਵੇਗਾ ਅਤੇ ਕੇਂਦਰੀ ਸੂਚਨਾ ਕਮਿਸ਼ਨ, ਕੇਂਦਰੀ ਸਰਕਾਰੀ ਦੀ ਪੂਰਵ ਪ੍ਰਵਾਨਗੀ ਨਾਲ ਭਾਰਤ ਵਿਚ ਹੋਰ ਸਥਾਨਾਂ ਤੇ ਆਪਣੇ ਦਫ਼ਤਰ ਸਥਾਪਿਤ ਕਰ ਸਕੇਗਾ।

**13. ਅਹੁਦੇ ਦੀ ਮਿਆਦ ਅਤੇ ਸੇਵਾ ਦੀਆਂ ਸ਼ਰਤਾਂ -**

(1) ਮੁੱਖ ਸੂਚਨਾ ਕਮਿਸ਼ਨਰ, ਉਸ ਤਾਰੀਕ ਤੋਂ, ਜਿਸ ਨੂੰ ਉਹ ਆਪਣਾ ਅਹੁਦਾ ਗ੍ਰਹਿਣ ਕਰਦਾ ਹੈ, ਪੰਜ ਸਾਲਾਂ ਦੀ ਮਿਆਦ ਲਈ ਆਪਣਾ ਅਹੁਦਾ ਧਾਰਨ ਕਰੇਗਾ ਅਤੇ ਮੁੜ-ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ :

ਪਰੰਤੂ ਇਹ ਕਿ ਕੋਈ ਮੁੱਖ ਸੂਚਨਾ ਕਮਿਸ਼ਨਰ ਪੈਂਹਠ ਸਾਲ ਦੀ ਉਮਰ ਹੋ ਜਾਣ ਪਿੱਛੋਂ ਉਸ ਰੂਪ ਵਿਚ ਅਹੁਦਾ ਧਾਰਨ ਨਹੀਂ ਕਰੇਗਾ।

(2) ਹਰੇਕ ਸੂਚਨਾ ਕਮਿਸ਼ਨਰ, ਉਸ ਤਾਰੀਕ ਤੋਂ, ਜਿਸ ਨੂੰ ਉਹ ਆਪਣਾ ਅਹੁਦਾ ਗ੍ਰਹਿਣ ਕਰਦਾ ਹੈ, ਪੰਜ ਸਾਲ ਦੀ ਮਿਆਦ ਜਾਂ ਪੈਂਹਠ ਸਾਲ ਦੀ ਉਮਰ ਹੋ ਜਾਣ ਤੱਕ, ਇਨ੍ਹਾਂ ਵਿਚੋਂ ਜੋ ਵੀ ਪਹਿਲਾਂ ਹੋਵੇ, ਅਹੁਦਾ ਧਾਰਨ ਕਰੇਗਾ ਅਤੇ ਅਜਿਹੇ ਸੂਚਨਾ ਕਮਿਸ਼ਨਰ ਵਜੋਂ ਮੁੜ-ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ :

ਪਰੰਤੂ ਇਹ ਕਿ ਹਰੇਕ ਸੂਚਨਾ ਕਮਿਸ਼ਨਰ, ਇਸ ਉਪ-ਧਾਰਾ ਅਧੀਨ ਆਪਣਾ ਅਹੁਦਾ ਖਾਲੀ ਕਰਨ ਤੇ, ਧਾਰਾ 12 ਦੀ ਉਪ-ਧਾਰਾ (3) ਵਿਚ ਉਲਿਖਤ ਤਰੀਕੇ ਨਾਲ ਮੁੱਖ ਸੂਚਨਾ ਕਮਿਸ਼ਨਰ ਵਜੋਂ ਨਿਯੁਕਤੀ ਦੇ ਲਈ ਪਾਤਰ ਹੋਵੇਗਾ :

ਪਰੰਤੂ ਇਹ ਹੋਰ ਕਿ ਜਿਥੇ ਸੂਚਨਾ ਕਮਿਸ਼ਨਰ ਨੂੰ ਮੁੱਖ ਸੂਚਨਾ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ ਉਥੇ ਉਸ ਦੇ ਅਹੁਦੇ ਦੀ ਮਿਆਦ ਸੂਚਨਾ ਕਮਿਸ਼ਨਰ ਅਤੇ ਮੁੱਖ ਸੂਚਨਾ ਕਮਿਸ਼ਨਰ ਵਜੋਂ ਕੁੱਲ ਮਿਲਾ ਕੇ ਪੰਜ ਸਾਲ ਤੋਂ ਵੱਧ ਨਹੀਂ ਹੋਵੇਗੀ।

(4) ਮੁੱਖ ਸੂਚਨਾ ਕਮਿਸ਼ਨਰ ਜਾਂ ਕੋਈ ਸੂਚਨਾ ਕਮਿਸ਼ਨਰ, ਕਿਸੇ ਵੀ ਸਮੇਂ, ਰਾਸ਼ਟਰਪਤੀ ਨੂੰ

ਸੰਬੋਧਤ ਆਪਣੇ ਦਸਖ਼ਤਾਂ ਅਧੀਨ ਕਿਸੇ ਲਿਖਤ ਦੁਆਰਾ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ :

ਪਰੰਤੂ ਇਹ ਕਿ ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਸੂਚਨਾ ਕਮਿਸ਼ਨਰ ਨੂੰ ਧਾਰਾ 14 ਅਧੀਨ ਉਲਿਖਤ ਤਰੀਕੇ ਨਾਲ ਹਟਾਇਆ ਜਾ ਸਕੇਗਾ।

(5) ਅਦਾਇਗੀਯੋਗ ਵੇਤਨ ਅਤੇ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ–

(ੳ) ਮੁੱਖ ਸੂਚਨਾ ਕਮਿਸ਼ਨਰ ਦੀਆਂ ਉਹ ਹੀ ਹੋਣਗੀਆਂ ਜੋ ਮੁੱਖ ਚੋਣ ਕਮਿਸ਼ਨਰ ਦੀਆਂ ਹਨ;

(ਅ) ਸੂਚਨਾ ਕਮਿਸ਼ਨਰ ਦੀਆਂ ਉਹ ਹੀ ਹੋਣਗੀਆਂ ਜੋ ਚੋਣ ਕਮਿਸ਼ਨਰ ਦੀਆਂ ਹਨ :

ਪਰੰਤੂ ਇਹ ਕਿ ਜੇ ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ, ਆਪਣੀ ਨਿਯੁਕਤੀ ਦੇ ਸਮੇਂ, ਭਾਰਤ ਸਰਕਾਰ ਦੇ ਅਧੀਨ ਜਾਂ ਕਿਸੇ ਰਾਜ ਸਰਕਾਰ ਦੇ ਅਧੀਨ ਕਿਸੇ ਪੂਰਵਲੀ ਸੇਵਾ ਬਾਰੇ ਕੋਈ ਪੈਨਸ਼ਨ, ਨਿਰਯੋਗਤਾ ਜਾਂ ਜ਼ਖ਼ਮ ਪੈਨਸ਼ਨ ਤੋਂ ਬਿਨਾਂ, ਪ੍ਰਾਪਤ ਕਰ ਰਿਹਾ ਹੈ ਤਾਂ ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਵਜੋਂ ਸੇਵਾ ਬਾਰੇ ਉਸ ਦੇ ਵੇਤਨ ਵਿਚੋਂ, ਉਸ ਪੈਨਸ਼ਨ ਦੀ, ਜਿਸ ਵਿਚ ਪੈਨਸ਼ਨ ਦਾ ਅਜਿਹਾ ਕੋਈ ਭਾਗ ਜਿਸ ਨੂੰ ਪਰਿਵਰਤਤ ਕੀਤਾ ਗਿਆ ਸੀ, ਰਿਟਾਇਰਮੈਂਟ ਗਰੈਚੁਇਟੀ ਦੇ ਬਰਾਬਰ ਪੈਨਸ਼ਨ ਨੂੰ ਛੱਡ ਕੇ ਅਤੇ ਰਿਟਾਇਰਮੈਂਟ ਫ਼ਾਇਦਿਆਂ ਦੇ ਹੋਰ ਰੂਪਾਂ ਦੇ ਬਰਾਬਰ ਪੈਨਸ਼ਨ ਵੀ ਸ਼ਾਮਲ ਹੈ, ਰਕਮ ਨੂੰ ਘੱਟ ਕਰ ਦਿੱਤਾ ਜਾਵੇਗਾ :

ਪਰੰਤੂ ਇਹ ਹੋਰ ਕਿ ਜੇ ਮੁੱਖ ਸੂਚਨਾ ਕਮਿਸ਼ਨਰ ਜਾਂ ਕੋਈ ਸੂਚਨਾ ਕਮਿਸ਼ਨਰ, ਜੇ ਆਪਣੀ ਨਿਯੁਕਤੀ ਦੇ ਸਮੇਂ, ਕਿਸੇ ਕੇਂਦਰੀ ਐਕਟ ਜਾਂ ਰਾਜ ਐਕਟ ਦੁਆਰਾ ਜਾਂ ਉਸ ਦੇ ਅਧੀਨ ਸਥਾਪਤ ਕਿਸੇ ਨਿਗਮ ਵਿਚ ਜਾਂ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੀ ਮਾਲਕੀ ਜਾਂ ਕੰਟਰੋਲ ਅਧੀਨ ਕਿਸੇ ਸਰਕਾਰੀ ਕੰਪਨੀ ਵਿਚ ਕੀਤੀ ਗਈ ਕਿਸੇ ਪੂਰਬਲੀ ਸੇਵਾ ਬਾਰੇ ਰਿਟਾਇਰਮੈਂਟ ਫ਼ਾਇਦੇ ਪ੍ਰਾਪਤ ਕਰ ਰਿਹਾ ਹੈ ਤਾਂ ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਵਜੋਂ ਸੇਵਾ ਬਾਰੇ ਉਸ ਦੇ ਵੇਤਨ ਵਿਚੋਂ, ਰਿਟਾਇਰਮੈਂਟ ਫ਼ਾਇਦਿਆਂ ਦੇ ਬਰਾਬਰ ਪੈਨਸ਼ਨ ਦੀ ਰਕਮ ਘੱਟ ਕਰ ਦਿੱਤੀ ਜਾਵੇਗੀ।

ਪਰੰਤੂ ਇਹ ਵੀ ਕਿ ਮੁੱਖ ਸੂਚਨਾ ਕਮਿਸ਼ਨਰ ਅਤੇ ਸੂਚਨਾ ਕਮਿਸ਼ਨਰਾਂ ਦੇ ਵੇਤਨ, ਭੱਤਿਆਂ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਵਿਚ, ਉਨ੍ਹਾਂ ਦੀ ਨਿਯੁਕਤੀ ਪਿਛੋਂ, ਉਨ੍ਹਾਂ ਦੇ ਅਲਾਭਕਰ ਰੂਪ ਵਿਚ ਕੋਈ ਅਦਲ–ਬਦਲ ਨਹੀਂ ਕੀਤਾ ਜਾਵੇਗਾ।

(6) ਕੇਂਦਰੀ ਸਰਕਾਰ, ਮੁੱਖ ਸੂਚਨਾ ਕਮਿਸ਼ਨਰ ਅਤੇ ਸੂਚਨਾ ਕਮਿਸ਼ਨਰਾਂ ਨੂੰ ਉਨੇ ਅਧਿਕਾਰੀ ਅਤੇ ਕਰਮਚਾਰੀ ਉਪਲੱਬਧ ਕਰਵਾਏਗੀ, ਜਿੰਨੇ ਇਸ ਐਕਟ ਅਧੀਨ ਉਨ੍ਹਾਂ ਦੇ ਕਾਜਕਾਰਾਂ ਨੂੰ ਕਾਰਜ–ਕੁਸ਼ਲਤਾ ਨਾਲ ਕਰਨ ਲਈ ਜ਼ਰੂਰੀ ਹੋਣ ਅਤੇ ਇਸ ਐਕਟ ਦੇ ਪ੍ਰਯੋਜਨਾਂ ਲਈ ਨਿਯੁਕਤ ਕੀਤੇ ਗਏ ਅਫ਼ਸਰਾਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਵੇਤਨ ਅਤੇ ਭੱਤੇ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ।

**14. ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਦਾ ਹਟਾਇਆ ਜਾਣਾ -**

(1) ਉਪ–ਧਾਰਾ (3) ਦੇ ਉਪਬੰਧਾਂ ਦੇ ਤਾਬੇ, ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਸੂਚਨਾ ਕਮਿਸ਼ਨਰ ਨੂੰ ਕੇਵਲ ਰਾਸ਼ਟਰਪਤੀ ਦੇ ਦਿੱਤੇ ਹੁਕਮ ਦੁਆਰਾ, ਸਾਬਤ ਹੋਏ ਦੁਰਵਿਵਹਾਰ ਜਾਂ ਅਸਮਰੱਥਾ ਦੇ ਆਧਾਰ 'ਤੇ ਅਹੁਦੇ ਤੋਂ ਹਟਾਇਆ ਜਾਵੇਗਾ ਜਦ ਸਰਵ–ਉੱਚ ਅਦਾਲਤ ਨੇ, ਰਾਸ਼ਟਰਪਤੀ ਦੁਆਰਾ ਉਸਨੂੰ ਕੀਤੇ ਗਏ ਕਿਸੇ ਹਵਾਲੇ ਤੇ ਜਾਂਚ ਪਿੱਛੋਂ, ਇਹ ਰਿਪੋਰਟ ਦਿੱਤੀ ਹੋਵੇ ਕਿ ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਸੂਚਨਾ ਕਮਿਸ਼ਨਰ ਨੂੰ, ਜਿਹੀ ਕਿ ਸੂਰਤ ਹੋਵੇ, ਉਸ ਅਧਾਰ ਤੇ ਹਟਾ ਦਿੱਤਾ ਜਾਣਾ ਚਾਹੀਦਾ ਹੈ।

(2) ਰਾਸ਼ਟਰਪਤੀ, ਮੁੱਖ ਸੂਚਨਾ ਕਮਿਸ਼ਨਰ ਅਤੇ ਉਸ ਸੂਚਨਾ ਕਮਿਸ਼ਨਰ ਨੂੰ, ਜਿਸ ਦੇ ਬਾਰੇ ਉਪ–ਧਾਰਾ (1) ਦੇ ਅਧੀਨ ਸਰਵ–ਉੱਚ ਅਦਾਲਤ ਨੂੰ ਹਵਾਲਾ ਕੀਤਾ ਗਿਆ ਹੈ, ਅਜਿਹੇ ਹਵਾਲੇ ਤੇ ਸਰਵ–ਉੱਚ ਅਦਾਲਤ ਦੀ ਰਿਪੋਰਟ ਪ੍ਰਾਪਤ ਹੋਣ ਤੇ ਰਾਸ਼ਟਰਪਤੀ

ਦੁਆਰਾ ਹੁਕਮ ਪਾਸ ਕੀਤੇ ਜਾਣ ਤੱਕ, ਅਹੁਦੇ ਤੋਂ ਮੁਅੱਤਲ ਕਰ ਸਕੇਗਾ ਅਤੇ ਜੇ ਜ਼ਰੂਰੀ ਸਮਝੇ ਤਾਂ ਜਾਂਚ ਦੇ ਦੌਰਾਨ ਦਫ਼ਤਰ ਵਿਚ ਹਾਜ਼ਰ ਰਹਿਣ ਤੋਂ ਮਨ੍ਹਾ ਵੀ ਕਰ ਸਕੇਗਾ।

(3) ਉਪ-ਧਾਰਾ (1) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਸ਼ਟਰਪਤੀ, ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਨੂੰ ਹੁਕਮ ਦੁਆਰਾ ਅਹੁਦੇ ਤੋਂ ਹਟਾ ਸਕੇਗਾ ਜੇ ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ, ਜਿਹੀ ਕਿ ਸੂਰਤ ਹੋਵੇ,-

(ੳ) ਦੀਵਾਲੀਆ ਨਿਆਂ ਨਿਰਣਤ ਹੋ ਗਿਆ ਹੋਵੇ; ਜਾਂ

(ਅ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੋਵੇ ਜੋ ਰਾਸ਼ਟਰਪਤੀ ਦੀ ਰਾਇ ਵਿਚ ਸਦਾਚਾਰਕ ਗਿਰਾਵਟ ਵਾਲਾ ਹੋਵੇ, ਜਾਂ

(ੲ) ਆਪਣੇ ਅਹੁਦੇ ਦੀ ਮਿਆਦ ਦੇ ਦੌਰਾਨ ਆਪਣੇ ਅਹੁਦੇ ਦੇ ਕਰਤੱਵਾਂ ਤੋਂ ਬਾਹਰ ਕਿਸੇ ਵੇਤਨਕ ਨਿਯੋਜਨ ਵਿਚ ਲੱਗ ਗਿਆ ਹੋਵੇ ; ਜਾਂ

(ਸ) ਰਾਸ਼ਟਰਪਤੀ ਦੀ ਰਾਏ ਵਿਚ ਮਾਨਸਿਕ ਜਾਂ ਸਰੀਰਕ ਦੁਰਬਲਤਾ ਦੇ ਕਾਰਨ ਆਪਣੇ ਅਹੁਦੇ ਤੇ ਕਾਇਮ ਰਹਿਣ ਦੇ ਅਯੋਗ ਹੋ ਗਿਆ ਹੋਵੇ ; ਜਾਂ

(ਹ) ਉਸ ਨੇ ਅਜਿਹੇ ਵਿੱਤੀ ਜਾਂ ਹੋਰ ਹਿੱਤ ਗ੍ਰਹਿਣ ਕਰ ਲਏ ਹੋਣ ਜਿਨ੍ਹਾਂ ਨਾਲ, ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਵਜੋਂ ਉਸ ਦੇ ਕਾਜਕਾਰਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ।

(4) ਜੇ ਮੁੱਖ ਸੂਚਨਾ ਕਮਿਸ਼ਨਰ ਜਾਂ ਸੂਚਨਾ ਕਮਿਸ਼ਨਰ ਕਿਸੇ ਤਰ੍ਹਾਂ ਭਾਰਤ ਸਰਕਾਰ ਦੁਆਰਾ ਜਾਂ ਉਸ ਦੇ ਨਮਿੱਤ ਕੀਤੇ ਗਏ ਕਿਸੇ ਮੁਆਇਦੇ ਜਾਂ ਕਰਾਰ ਨਾਲ ਸਬੰਧਿਤ ਹੈ ਜਾਂ ਹਿੱਤ-ਬੱਧ ਹੈ ਜਾਂ ਕਿਸੇ ਨਿਗਮਤ ਕੰਪਨੀ ਦੇ ਮੈਂਬਰ ਤੋਂ ਬਿਨਾਂ ਹੋਰਵੇ ਅਤੇ ਉਸ ਦੇ ਹੋਰ ਮੈਂਬਰਾਂ ਦੇ ਨਾਲ ਸਾਂਝਿਆਂ ਤੌਰ 'ਤੇ ਕਿਸੇ ਤਰ੍ਹਾਂ ਉਸ ਦੇ ਲਾਭ ਵਿਚ ਜਾਂ ਉਸ ਤੋਂ ਉਤਪੰਨ ਹੋਣ ਵਾਲੇ ਕਿਸੇ ਫ਼ਾਇਦੇ ਜਾਂ ਉਪਲੱਭਤਾ ਵਿਚ ਭਾਗ ਲੈਂਦਾ ਹੈ ਤਾਂ ਉਹ ਉਪ-ਧਾਰਾ (1) ਦੇ ਪ੍ਰਯੋਜਨਾਂ ਲਈ, ਦੁਰਵਿਵਹਾਰ ਦਾ ਦੋਸ਼ੀ ਸਮਝਿਆ ਜਾਵੇਗਾ।

## ਅਧਿਆਏ IV
## ਰਾਜ ਸੂਚਨਾ ਕਮਿਸ਼ਨ

**15. ਰਾਜ ਸੂਚਨਾ ਕਮਿਸ਼ਨ ਦਾ ਗਠਨ -**

(1) ਹਰੇਕ ਰਾਜ ਸਰਕਾਰ, ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ, (ਰਾਜ ਦਾ ਨਾਂ) ------ ਸੂਚਨਾ ਕਮਿਸ਼ਨ ਦੇ ਨਾਂ ਨਾਲ ਜਾਣੀ ਜਾਣ ਵਾਲੀ ਇਕ ਸੰਸਥਾ ਦਾ ਗਠਨ ਕਰੇਗੀ, ਜੋ ਇਸ ਐਕਟ ਅਧੀਨ ਉਸ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਅਤੇ ਸੌਂਪੇ ਗਏ ਕਾਜਕਾਰ ਕਰੇਗੀ।

(2) ਰਾਜ ਸੂਚਨਾ ਕਮਿਸ਼ਨ ਹੇਠ ਲਿਖਿਆਂ ਤੋਂ ਮਿਲ ਕੇ ਬਣੇਗਾ-

(ੳ) ਰਾਜ ਮੁੱਖ ਸੂਚਨਾ ਕਮਿਸ਼ਨਰ; ਅਤੇ

(ਅ) ਦਸ ਤੋਂ ਨਾ ਵੱਧ, ਉਨੇਂ ਰਾਜ ਸੂਚਨਾ ਕਮਿਸ਼ਨਰ, ਜਿੰਨੇ ਜ਼ਰੂਰੀ ਸਮਝੇ ਜਾਣ।

(3) ਰਾਜ ਮੁੱਖ ਸੂਚਨਾ ਕਮਿਸ਼ਨਰ ਅਤੇ ਰਾਜ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਰਾਜਪਾਲ ਦੁਆਰਾ ਹੇਠ ਲਿਖਿਆਂ ਤੋਂ ਮਿਲਕੇ ਬਣੀ ਕਮੇਟੀ ਦੀ ਸਿਫਾਰਸ਼ ਤੇ ਕੀਤੀ ਜਾਵੇਗੀ

(1) ਮੁੱਖ ਮੰਤਰੀ, ਜੋ ਕਮੇਟੀ ਦਾ ਚੇਅਰਪਰਸਨ ਹੋਵੇਗਾ;

(2) ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਨੇਤਾ; ਅਤੇ

(3) ਮੁੱਖ ਮੰਤਰੀ ਦੁਆਰਾ ਨਾਮਜ਼ਦ ਕੈਬਨਿਟ ਮੰਤਰੀ।

ਵਿਆਖਿਆ,– ਸ਼ੰਕੇ ਦੂਰ ਕਰਨ ਦੇ ਪ੍ਰਯੋਜਨ ਲਈ, ਇੱਥੇ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿੱਥੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੂੰ ਅਜਿਹੇ ਤੌਰ ਤੇ ਮਾਨਤਾ ਨਹੀਂ ਦਿੱਤੀ ਗਈ ਹੈ, ਉਥੇ ਵਿਧਾਨ ਸਭਾ ਵਿਚ ਸਰਕਾਰ ਵਿਰੋਧੀ ਇਕੱਲੇ ਸਭ ਤੋਂ ਵੱਡੇ ਗਰੁੱਪ ਦੇ ਨੇਤਾ ਨੂੰ ਵਿਰੋਧੀ ਧਿਰ ਦਾ ਨੇਤਾ ਸਮਝਿਆ ਜਾਵੇਗਾ।

(4) ਰਾਜ ਸੂਚਨਾ ਕਮਿਸ਼ਨ ਦੇ ਕਾਰ-ਵਿਹਾਰ ਦੀ ਸਾਧਾਰਣ ਨਿਗਰਾਨੀ, ਨਿਦੇਸ਼ਨ ਅਤੇ ਪ੍ਰਬੰਧ ਰਾਜ ਮੁੱਖ ਸੂਚਨਾ ਕਮਿਸ਼ਨਰ ਵਿਚ ਨਿਹਿਤ ਹੋਵੇਗਾ, ਜਿਸ ਦੀ ਸਹਾਇਤਾ ਰਾਜ ਸੂਚਨਾ ਕਮਿਸ਼ਨਰਾਂ ਦੁਆਰਾ ਕੀਤੀ ਜਾਵੇਗੀ ਅਤੇ ਉਹ ਸਾਰੀਆਂ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਸਾਰੇ ਕਾਰਜ ਅਤੇ ਗੱਲਾਂ ਕਰ ਸਕੇਗਾ ਜਿਨ੍ਹਾਂ ਦੀ ਰਾਜ ਸੂਚਨਾ ਕਮਿਸ਼ਨ ਦੁਆਰਾ ਖੁਦ-ਮੁਖਤਿਆਰ ਤੌਰ ’ਤੇ ਇਸ ਐਕਟ ਦੇ ਅਧੀਨ ਕਿਸੇ ਹੋਰ ਅਥਾਰਟੀ ਦੇ ਨਿਦੇਸ਼ਾਂ ਦੇ ਤਾਬੇ ਤੋਂ ਬਿਨਾਂ ਵਰਤੋਂ ਕੀਤੀ ਜਾ ਸਕਦੀ ਹੈ ਜਾਂ ਕੀਤੀਆਂ ਜਾ ਸਕਦੀਆਂ ਹਨ।

(5) ਰਾਜ ਮੁੱਖ ਸੂਚਨਾ ਕਮਿਸ਼ਨਰ ਅਤੇ ਰਾਜ ਸੂਚਨਾ ਕਮਿਸ਼ਨਰ, ਕਾਨੂੰਨ, ਵਿਗਿਆਨ ਅਤੇ ਤਕਨਾਲੋਜੀ, ਸਮਾਜ ਸੇਵਾ, ਪ੍ਰਬੰਧ, ਪੱਤਰਕਾਰੀ, ਜਨ-ਸੰਪਰਕ ਮਾਧਿਅਮ ਜਾਂ ਪ੍ਰਸ਼ਾਸਨ ਅਤੇ ਸ਼ਾਸਨ ਵਿਚ ਵਿਆਪਕ ਗਿਆਨ ਅਤੇ ਤਜਰਬੇ ਰਖਣ ਵਾਲੇ ਲੋਕ ਜੀਵਨ ਵਿਚ ਸ਼ੁਹਰਤ ਵਾਲੇ ਵਿਅਕਤੀ ਹੋਣਗੇ।

(6) ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ ਸੰਸਦ ਦਾ ਮੈਂਬਰ ਜਾਂ ਕਿਸੇ ਰਾਜ ਜਾਂ ਸੰਘ ਰਾਜ-ਖੇਤਰ ਦੇ ਵਿਧਾਨ-ਮੰਡਲ ਦਾ ਮੈਂਬਰ, ਜਿਹੀ ਕਿ ਸੂਰਤ ਹੋਵੇ, ਨਹੀਂ ਹੋਵੇਗਾ ਜਾਂ ਕੋਈ ਲਾਭ ਦਾ ਅਹੁਦਾ ਧਾਰਨ ਨਹੀਂ ਕਰੇਗਾ ਜਾਂ ਕਿਸੇ ਰਾਜਨੀਤਕ ਦਲ ਨਾਲ ਸਬੰਧਿਤ ਨਹੀਂ ਹੋਵੇਗਾ, ਜਾਂ ਕੋਈ ਕਾਰੋਬਾਰ ਨਹੀਂ ਕਰੇਗਾ ਜਾਂ ਕੋਈ ਪੇਸ਼ਾ ਨਹੀਂ ਕਰੇਗਾ।

(7) ਰਾਜ ਸੂਚਨਾ ਕਮਿਸ਼ਨ ਦਾ ਮੁੱਖ ਦਫ਼ਤਰ ਅਜਿਹੇ ਸਥਾਨ ਤੇ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ ਉਲਿਖਤ ਕਰੇ ਅਤੇ ਰਾਜ ਸੂਚਨਾ ਕਮਿਸ਼ਨ, ਰਾਜ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਰਾਜ ਵਿਚ ਹੋਰ ਸਥਾਨਾਂ ਤੇ ਆਪਣੇ ਦਫ਼ਤਰ ਸਥਾਪਤ ਕਰ ਸਕੇਗਾ।

**16. ਅਹੁਦੇ ਦੀ ਮਿਆਦ ਅਤੇ ਸੇਵਾ ਦੀਆਂ ਸ਼ਰਤਾਂ -**

(1) ਰਾਜ ਮੁੱਖ ਸੂਚਨਾ ਕਮਿਸ਼ਨਰ ਉਸ ਤਾਰੀਕ ਤੋਂ, ਜਿਸ ਨੂੰ ਆਪਣਾ ਅਹੁਦਾ ਗ੍ਰਹਿਣ ਕਰਦਾ ਹੈ, ਪੰਜ ਸਾਲ ਦੀ ਮਿਆਦ ਲਈ ਆਪਣਾ ਅਹੁਦਾ ਧਾਰਨ ਕਰੇਗਾ ਅਤੇ ਮੁੜ-ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ :

ਪਰੰਤੂ ਇਹ ਕਿ ਕੋਈ ਰਾਜ ਮੁੱਖ ਸੂਚਨਾ ਕਮਿਸ਼ਨਰ ਪੈਂਹਠ ਸਾਲ ਦੀ ਉਮਰ ਹੋ ਜਾਣ ਪਿੱਛੋਂ ਉਸ ਰੂਪ ਵਿਚ ਆਪਣਾ ਅਹੁਦਾ ਧਾਰਨ ਨਹੀਂ ਕਰੇਗਾ।

(2) ਹਰੇਕ ਰਾਜ ਸੂਚਨਾ ਕਮਿਸ਼ਨਰ ਉਸ ਤਾਰੀਕ ਤੋਂ, ਜਿਸ ਨੂੰ ਉਹ ਆਪਣਾ ਅਹੁਦਾ ਗ੍ਰਹਿਣਾ ਕਰਦਾ ਹੈ, ਪੰਜ ਸਾਲ ਦੀ ਮਿਆਦ ਲਈ ਜਾਂ ਪੈਂਹਠ ਸਾਲ ਦੀ ਉਮਰ ਹੋ ਜਾਣ ਤੱਕ, ਇਨ੍ਹਾਂ ਵਿਚੋਂ ਜੋ ਵੀ ਪਹਿਲਾਂ ਹੋਵੇ, ਅਹੁਦਾ ਧਾਰਨ ਕਰੇਗਾ ਅਤੇ

ਅਜਿਹੇ ਰਾਜ ਸੂਚਨਾ ਕਮਿਸ਼ਨਰ ਵਜੋਂ ਮੁੜ-ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ:

ਪਰੰਤੂ ਇਹ ਕਿ ਹਰੇਕ ਰਾਜ ਸੂਚਨਾ ਕਮਿਸ਼ਨਰ ਇਸ ਉਪ-ਧਾਰਾ ਅਧੀਨ ਆਪਣਾ ਅਹੁਦਾ ਖਾਲੀ ਕਰਨ ਤੇ ਧਾਰਾ 15 ਦੀ ਉਪ-ਧਾਰਾ (3) ਵਿਚ ਉਲਿਖਤ ਤਰੀਕੇ ਨਾਲ ਰਾਜ ਮੁੱਖ ਸੂਚਨਾ ਕਮਿਸ਼ਨਰ ਵਜੋਂ ਨਿਯੁਕਤੀ ਦੇ ਲਈ ਪਾਤਰ ਹੋਵੇਗਾ:

ਪਰੰਤੂ ਇਹ ਹੋਰ ਕਿ ਜਿਥੇ ਰਾਜ ਸੂਚਨਾ ਕਮਿਸ਼ਨਰ ਨੂੰ ਰਾਜ ਸੂਚਨਾ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਜਾਂਦਾ ਹੈ ਉਥੇ ਉਸ ਦੇ ਅਹੁਦੇ ਦੀ ਮਿਆਦ ਰਾਜ ਸੂਚਨਾ ਕਮਿਸ਼ਨਰ ਅਤੇ ਰਾਜ ਮੁੱਖ ਸੂਚਨਾ ਕਮਿਸ਼ਨਰ ਵਜੋਂ ਕੁੱਲ ਮਿਲਾ ਕੇ ਪੰਜ ਸਾਲ ਤੋਂ ਵਧ ਨਹੀਂ ਹੋਵੇਗੀ।

(3) ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕੋਈ ਰਾਜ ਸੂਚਨਾ ਕਮਿਸ਼ਨਰ ਆਪਣਾ ਅਹੁਦਾ ਗ੍ਰਹਿਣ ਕਰਨ ਤੋਂ ਪਹਿਲਾਂ, ਰਾਜਪਾਲ ਜਾਂ ਇਸ ਨਮਿੱਤ ਉਸ ਦੁਆਰਾ ਨਿਯੁਕਤ ਕਿਸੇ ਹੋਰ ਵਿਅਕਤੀ ਦੇ ਸਾਹਮਣੇ, ਪਹਿਲੀ ਅਨੁਸੂਚੀ ਵਿਚ ਇਸ ਪ੍ਰਯੋਜਨ ਦੇ ਲਈ ਦਿੱਤੇ ਗਏ ਫ਼ਾਰਮ ਅਨੁਸਾਰ ਇਕ ਸਹੁੰ ਜਾਂ ਪ੍ਰਤਿੱਗਿਆ ਲਵੇਗਾ ਅਤੇ ਉਸ ਤੇ ਸਹੀ ਪਾਵੇਗਾ।

(4) ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕੋਈ ਰਾਜ ਸੂਚਨਾ ਕਮਿਸ਼ਨਰ, ਕਿਸੇ ਵੀ ਸਮੇਂ ਰਾਜਪਾਲ ਨੂੰ ਸੰਬੋਧਿਤ ਆਪਣੇ ਦਸਖ਼ਤਾਂ ਅਧੀਨ ਕਿਸੇ ਲਿਖਤ ਦੁਆਰਾ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕੇਗਾ :

ਪਰੰਤੂ ਇਹ ਕਿ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਰਾਜ ਸੂਚਨਾ ਕਮਿਸ਼ਨਰ ਨੂੰ ਧਾਰਾ 17 ਅਧੀਨ ਉਲਿਖਤ ਤਰੀਕੇ ਨਾਲ ਹਟਾਇਆ ਜਾ ਸਕੇਗਾ।

(5) ਅਦਾਇਗੀਯੋਗ ਵੇਤਨ ਅਤੇ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ –

(ੳ) ਰਾਜ ਮੁੱਖ ਸੂਚਨਾ ਕਮਿਸ਼ਨਰ ਦੀਆਂ ਉਹੀ ਹੋਣਗੀਆਂ ਜੋ ਚੋਣ ਕਮਿਸ਼ਨਰ ਦੀਆਂ ਹਨ ;

(ਅ) ਰਾਜ ਸੂਚਨਾ ਕਮਿਸ਼ਨਰ ਦੀਆਂ ਉਹੀ ਹੋਣਗੀਆਂ ਜੋ ਰਾਜ ਸਰਕਾਰ ਵਿਚ ਮੁੱਖ ਸਕੱਤਰ ਦੀਆਂ ਹਨ :

ਪਰੰਤੂ ਇਹ ਕਿ ਜੇ ਰਾਜ ਮੁੱਖ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ, ਆਪਣੀ ਨਿਯੁਕਤੀ ਦੇ ਸਮੇਂ ਭਾਰਤ ਸਰਕਾਰ ਦੇ ਅਧੀਨ ਜਾਂ ਰਾਜ ਸਰਕਾਰ ਦੇ ਅਧੀਨ ਕਿਸੇ ਪੂਰਬਲੀ ਸੇਵਾ ਦੇ ਬਾਰੇ ਕੋਈ ਪੈਨਸ਼ਨ, ਨਿਰਯੋਗਤਾ ਜਾਂ ਜ਼ਖ਼ਮ ਪੈਨਸ਼ਨ ਤੋਂ ਬਿਨਾਂ, ਪ੍ਰਾਪਤ ਕਰ ਰਿਹਾ ਹੈ ਤਾਂ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨ ਵਜੋਂ ਸੇਵਾ ਬਾਰੇ ਉਸ ਦੇ ਵੇਤਨ ਵਿਚੋਂ, ਉਸ ਦੀ ਪੈਨਸ਼ਨ ਦੀ, ਜਿਸ ਵਿਚ ਪੈਨਸ਼ਨ ਦਾ ਅਜਿਹਾ ਕੋਈ ਭਾਗ, ਜਿਸ ਨੂੰ ਪਰਿਵਰਤਤ ਕੀਤਾ ਗਿਆ ਸੀ, ਰਿਟਾਇਰਮੈਂਟ ਫਾਇਦਿਆਂ ਦੇ ਹੋਰ ਰੂਪਾਂ ਦੇ ਬਰਾਬਰ ਪੈਨਸ਼ਨ ਵੀ ਸ਼ਾਮਲ ਹੈ, ਰਕਮ ਨੂੰ ਘੱਟ ਕਰ ਦਿੱਤਾ ਜਾਵੇਗਾ :

ਪਰੰਤੂ ਇਹ ਹੋਰ ਕਿ ਜਿਥੇ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕੋਈ ਰਾਜ ਸੂਚਨਾ ਕਮਿਸ਼ਨਰ, ਜੇ ਆਪਣੀ ਨਿਯੁਕਤੀ ਦੇ ਸਮੇਂ ਕਿਸੇ ਕੇਂਦਰੀ ਐਕਟ ਜਾਂ ਰਾਜ ਐਕਟ ਦੁਆਰਾ ਜਾਂ ਉਸ ਦੇ ਅਧੀਨ ਸਥਾਪਤ ਕਿਸੇ ਨਿਗਮ ਵਿਚ ਜਾਂ ਕੇਂਦਰੀ ਜਾਂ ਰਾਜ ਸਰਕਾਰ ਦੀ ਮਾਲਕੀ ਜਾਂ ਕੰਟਰੋਲ ਅਧੀਨ ਕਿਸੇ ਸਰਕਾਰੀ ਕੰਪਨੀ ਵਿਚ ਕੀਤੀ ਗਈ ਕਿਸੇ ਪੂਰਬਲੀ ਸੇਵਾ ਬਾਰੇ ਰਿਟਾਇਰਮੈਂਟ ਫਾਇਦੇ ਪ੍ਰਾਪਤ ਕਰ ਰਿਹਾ ਹੈ ਤਾਂ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ ਵਜੋਂ ਸੇਵਾ ਬਾਰੇ ਉਸ ਦੇ ਵੇਤਨ ਵਿਚੋਂ, ਰਿਟਾਇਰਮੈਂਟ ਫ਼ਾਇਦਿਆਂ ਦੇ ਬਰਾਬਰ ਪੈਨਸ਼ਨ ਦੀ ਰਕਮ ਘੱਟ ਕਰ ਦਿੱਤੀ ਜਾਵੇਗੀ :

ਪਰੰਤੂ ਇਹ ਵੀ ਕਿ ਰਾਜ ਮੁੱਖ ਸੂਚਨਾ ਕਮਿਸ਼ਨਰ ਅਤੇ ਰਾਜ ਸੂਚਨਾ ਕਮਿਸ਼ਨਰਾਂ ਦੇ ਵੇਤਨ, ਭੱਤਿਆਂ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਵਿਚ, ਉਨ੍ਹਾਂ ਦੀ ਨਿਯੁਕਤੀ ਪਿੱਛੋਂ, ਉਨ੍ਹਾਂ ਦੇ ਅਲਾਭਕਰ ਰੂਪ ਵਿਚ ਕੋਈ ਅਦਲ-ਬਦਲ ਨਹੀਂ ਕੀਤਾ ਜਾਵੇਗਾ।

(6) ਰਾਜ ਸਰਕਾਰ, ਰਾਜ ਮੁੱਖ ਸੂਚਨਾ ਕਮਿਸ਼ਨਰ ਅਤੇ ਰਾਜ ਸੂਚਨਾ ਕਮਿਸ਼ਨਰਾਂ ਨੂੰ, ਉੱਨੇ ਅਧਿਕਾਰੀ ਅਤੇ ਕਰਮਚਾਰੀ ਉਪਲੱਬਧ ਕਰਾਏਗੀ, ਜਿੰਨੇ ਇਸ ਐਕਟ ਦੇ ਅਧੀਨ ਉਨ੍ਹਾਂ ਦੇ ਕਾਜਕਾਰਾਂ ਨੂੰ ਕਾਰਜ ਕੁਸ਼ਲਤਾ ਨਾਲ ਕਰਨ ਲਈ ਜ਼ਰੂਰੀ ਹੋਣ

ਅਤੇ ਇਸ ਐਕਟ ਦੇ ਪ੍ਰਯੋਜਨ ਲਈ ਨਿਯੁਕਤ ਕੀਤੇ ਗਏ ਕਰਮਚਾਰੀਆਂ ਜਾਂ ਅਧਿਕਾਰੀਆਂ ਨੂੰ ਅਦਾਇਗੀਯੋਗ ਵੇਤਨ ਅਤੇ ਭੱਤੇ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ।

**17. ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ ਦਾ ਹਟਾਇਆ ਜਾਣਾ -**

(1) ਉਪ-ਧਾਰਾ (3) ਦੇ ਉਪਬੰਧਾਂ ਦੇ ਤਾਬੇ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਰਾਜ ਸੂਚਨਾ ਕਮਿਸ਼ਨਰ ਨੂੰ, ਕੇਵਲ ਰਾਜਪਾਲ ਦੇ ਦਿੱਤੇ ਹੁਕਮ ਦੁਆਰਾ, ਸਾਬਤ ਹੋਏ ਦੁਰਵਿਵਹਾਰ ਜਾਂ ਅਸਮਰੱਥਾ ਦੇ ਆਧਾਰ ਤੇ ਅਹੁਦੇ ਤੋਂ ਤਦ ਹਟਾਇਆ ਜਾਵੇਗਾ ਜਦ ਸਰਵ-ਉੱਚ ਅਦਾਲਤ ਨੇ, ਰਾਜਪਾਲ ਦੁਆਰਾ ਉਸਨੂੰ ਕੀਤੇ ਗਏ ਕਿਸੇ ਹਵਾਲੇ ਤੇ ਜਾਂਚ ਪਿੱਛੋਂ, ਇਹ ਰਿਪੋਰਟ ਦਿੱਤੀ ਹੋਵੇ ਕਿ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਰਾਜ ਸੂਚਨਾ ਕਮਿਸ਼ਨਰ ਨੂੰ, ਜਿਹੀ ਕਿ ਸੂਰਤ ਹੋਵੇ, ਉਸ ਅਧਾਰ ਤੇ ਹਟਾ ਦਿੱਤਾ ਜਾਣਾ ਚਾਹੀਦਾ ਹੈ।

(2) ਰਾਜਪਾਲ, ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ ਨੂੰ, ਜਿਸ ਦੇ ਬਾਰੇ ਉਪ-ਧਾਰਾ (1) ਦੇ ਅਧੀਨ ਸਰਵ-ਉੱਚ ਅਦਾਲਤ ਨੂੰ ਹਵਾਲਾ ਕੀਤਾ ਗਿਆ ਹੈ, ਅਜਿਹੇ ਹਵਾਲੇ ਤੇ ਸਰਵ-ਉੱਚ ਅਦਾਲਤ ਦੀ ਰਿਪੋਰਟ ਪ੍ਰਾਪਤ ਹੋਣ ਤੇ ਰਾਜਪਾਲ ਦੁਆਰਾ ਹੁਕਮ ਪਾਸ ਕੀਤੇ ਜਾਣ ਤੱਕ, ਅਹੁਦੇ ਤੋਂ ਮੁਅੱਤਲ ਕਰ ਸਕੇਗਾ ਅਤੇ ਜੇ ਉਹ ਜ਼ਰੂਰੀ ਸਮਝੇ ਤਾਂ ਜਾਂਚ ਦੇ ਦੌਰਾਨ ਦਫ਼ਤਰ ਹਾਜ਼ਰ ਰਹਿਣ ਤੋਂ ਮਨ੍ਹਾ ਵੀ ਕਰ ਸਕੇਗਾ।

(3) ਉਪ-ਧਾਰਾ (1) ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜਪਾਲ, ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਕਿਸੇ ਰਾਜ ਸੂਚਨਾ ਕਮਿਸ਼ਨਰ ਨੂੰ ਹੁਕਮ ਦੁਆਰਾ ਅਹੁਦੇ ਤੋਂ ਹਟਾ ਸਕੇਗਾ, ਜੇ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ, ਜਿਹੀ ਕਿ ਸੂਰਤ ਹੋਵੇ, -

(ੳ) ਦਿਵਾਲੀਆ ਨਿਆਂ ਨਿਰਣਿਤ ਹੋ ਗਿਆ ਹੋਵੇ ; ਜਾਂ

(ਅ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੋਵੇ ਜੋ ਰਾਜਪਾਲ ਦੀ ਰਾਏ ਵਿਚ ਸਦਾਚਾਰਕ ਗਿਰਾਵਟ ਵਾਲਾ ਹੋਵੇ; ਜਾਂ

(ੲ) ਆਪਣੇ ਅਹੁਦੇ ਦੀ ਮਿਆਦ ਦੇ ਦੌਰਾਨ ਆਪਣੇ ਅਹੁਦੇ ਦੇ ਕਰਤੱਵਾਂ ਤੋਂ ਬਾਹਰ ਕਿਸੇ ਵੇਤਨਕ ਨਿਯੋਜਨ ਵਿਚ ਲੱਗ ਗਿਆ ਹੋਵੇ ; ਜਾਂ

(ਸ) ਰਾਜਪਾਲ ਦੀ ਰਾਏ ਵਿਚ, ਮਾਨਸਿਕ ਜਾਂ ਸਰੀਰਕ ਦੁਰਬਲਤਾ ਦੇ ਕਾਰਨ ਆਪਣੇ ਅਹੁਦੇ ਤੇ ਕਾਇਮ ਰਹਿਣ ਤੋਂ ਅਯੋਗ ਹੋ ਗਿਆ ਹੋਵੇ ; ਜਾਂ

(ਹ) ਉਸ ਨੇ ਅਜਿਹੇ ਵਿੱਤੀ ਜਾਂ ਹੋਰ ਹਿੱਤ ਗ੍ਰਹਿਣ ਕਰ ਲਏ ਹੋਣ ਜਿਨ੍ਹਾਂ ਨਾਲ, ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ ਵਜੋਂ ਉਸ ਦੇ ਕਾਰਜਕਾਰਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ।

(4) ਜੇ ਰਾਜ ਮੁੱਖ ਸੂਚਨਾ ਕਮਿਸ਼ਨਰ ਜਾਂ ਰਾਜ ਸੂਚਨਾ ਕਮਿਸ਼ਨਰ, ਕਿਸੇ ਤਰ੍ਹਾਂ ਰਾਜ ਸਰਕਾਰ ਦੁਆਰਾ ਜਾਂ ਉਸ ਦੇ ਨਮਿੱਤ ਕੀਤੇ ਗਏ ਕਿਸੇ ਮੁਆਇਦੇ ਜਾਂ ਕਰਾਰ ਨਾਲ ਸਬੰਧਿਤ ਹੈ ਜਾਂ ਹਿੱਤਬੱਧ ਹੈ ਜਾਂ ਕਿਸੇ ਨਿਗਮਤ ਕੰਪਨੀ ਦੇ ਮੈਂਬਰ ਤੋਂ ਹੋਰਵੇਂ, ਅਤੇ ਉਸ ਦੇ ਹੋਰ ਮੈਂਬਰਾਂ ਨਾਲ ਸਾਂਝਿਆਂ ਤੌਰ 'ਤੇ ਕਿਸੇ ਤਰ੍ਹਾਂ ਉਸ ਦੇ ਲਾਭ ਵਿਚ ਜਾਂ ਉਸ ਤੋਂ ਉਤਪੰਨ ਹੋਣ ਵਾਲੇ ਕਿਸੇ ਫ਼ਾਇਦੇ ਜਾਂ ਉਪਲੱਭਤਾ ਵਿਚ ਭਾਗ ਲੈਂਦਾ ਹੈ ਤਾਂ ਉਹ ਉਪ-ਧਾਰਾ (1) ਦੇ ਪ੍ਰਯੋਜਨਾਂ ਲਈ ਦੁਰਵਿਵਹਾਰ ਦਾ ਦੋਸ਼ੀ ਸਮਝਿਆ ਜਾਵੇਗਾ।

# ਅਧਿਆਏ V

## ਸੂਚਨਾ ਕਮਿਸ਼ਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ, ਅਪੀਲ ਅਤੇ ਦੰਡ

**18. ਸੂਚਨਾ ਕਮਿਸ਼ਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ -**

(1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦਾ, ਜਿਹੀ ਕਿ ਸੂਰਤ ਹੋਵੇ, ਇਹ ਕਰਤੱਵ ਹੋਵੇਗਾ ਕਿ ਉਹ ਅਜਿਹੇ ਕਿਸੇ ਵਿਅਕਤੀ ਤੋਂ,

(ੳ) ਜੋ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਨੂੰ, ਜਿਹੀ ਕਿ ਸੂਰਤ ਹੋਵੇ, ਇਸ ਕਾਰਨ ਕਰਕੇ ਬੇਨਤੀ ਕਰਨ ਵਿਚ ਅਸਮਰੱਥ ਰਿਹਾ ਹੈ ਕਿ ਇਸ ਐਕਟ ਦੇ ਅਧੀਨ, ਅਜਿਹੇ ਅਧਿਕਾਰੀ ਦੀ ਨਿਯੁਕਤੀ ਨਹੀਂ ਕੀਤੀ ਗਈ ਹੈ ਜਾਂ ਕੇਂਦਰੀ ਸਹਾਇਕ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਸਹਾਇਕ ਲੋਕ ਸੂਚਨਾ ਅਧਿਕਾਰੀ ਨੇ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਦੇ ਅਧੀਨ ਸੂਚਨਾ ਜਾਂ ਅਪੀਲ ਦੇ ਲਈ, ਧਾਰਾ 19 ਦੀ ਉਪ-ਧਾਰਾ (1) ਵਿਚ ਉਲਿੱਖਤ ਸੀਨੀਅਰ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਾਂ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ, ਜਿਹੀ ਕਿ ਸੂਰਤ ਹੋਵੇ, ਉਸ ਦੀ ਦਰਖ਼ਾਸਤ ਭੇਜਣ ਤੋਂ ਇਨਕਾਰ ਕਰ ਦਿੱਤਾ ਹੈ ;

(ਅ) ਜਿਸ ਨੂੰ ਇਸ ਐਕਟ ਅਧੀਨ ਬੇਨਤੀ ਕੀਤੀ ਗਈ ਕਿਸੇ ਸੂਚਨਾ ਤੱਕ ਪਹੁੰਚ ਦੇ ਲਈ ਇਨਕਾਰ ਕਰ ਦਿੱਤਾ ਗਿਆ ਹੈ ;

(ੲ) ਜਿਸ ਨੂੰ ਇਸ ਐਕਟ ਅਧੀਨ ਉਲਿੱਖਤ ਸਮਾਂ-ਸੀਮਾ ਅੰਦਰ ਸੂਚਨਾ ਦੇ ਲਈ ਜਾਂ ਸੂਚਨਾ ਤੱਕ ਪਹੁੰਚ ਦੇ ਲਈ ਬੇਨਤੀ ਦਾ ਉੱਤਰ ਨਹੀਂ ਦਿੱਤਾ ਗਿਆ ਹੈ ;

(ਸ) ਜਿਸ ਤੋਂ ਅਜਿਹੀ ਫ਼ੀਸ ਦੀ ਰਕਮ ਦੀ ਅਦਾਇਗੀ ਕਰਨਾ ਲੋੜਿਆ ਗਿਆ ਹੈ, ਜਿਸ ਨੂੰ ਉਹ ਨਾਵਾਜਬ ਸਮਝਦਾ ਹੈ;

(ਹ) ਜਿਸਦਾ ਇਹ ਵਿਸ਼ਵਾਸ ਹੈ ਕਿ ਉਸ ਨੂੰ ਇਸ ਐਕਟ ਅਧੀਨ ਅਪੂਰਣ, ਕੁਰਾਹੇ ਪਾਉਣ ਵਾਲੀ ਜਾਂ ਝੂਠੀ ਸੂਚਨਾ ਦਿੱਤੀ ਗਈ ਹੈ ; ਅਤੇ

(ਕ) ਇਸ ਐਕਟ ਅਧੀਨ ਰਿਕਾਰਡਾਂ ਲਈ ਬੇਨਤੀ ਕਰਨ ਜਾਂ ਉਨ੍ਹਾਂ ਤੱਕ ਪਹੁੰਚ ਪ੍ਰਾਪਤ ਕਰਨ ਨਾਲ ਸਬੰਧਿਤ ਕਿਸੇ ਹੋਰ ਮਾਮਲੇ ਦੇ ਬਾਰੇ ਵਿਚ ਸ਼ਿਕਾਇਤ ਪ੍ਰਾਪਤ ਕਰੇ ਅਤੇ ਉਸਦੀ ਜਾਂਚ ਕਰੇ।

(2) ਜਿੱਥੇ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦੀ, ਜਿਹੀ ਕਿ ਸੂਰਤ ਹੋਵੇ, ਇਹ ਤਸੱਲੀ ਹੋ ਜਾਂਦੀ ਹੈ ਕਿ ਉਸ ਮਾਮਲੇ ਵਿਚ ਜਾਂਚ ਕਰਨ ਲਈ ਵਾਜਬ ਆਧਾਰ ਹਨ, ਉਥੇ ਉਹ ਉਸਦੇ ਬਾਰੇ ਜਾਂਚ ਆਰੰਭ ਕਰ ਸਕੇਗਾ।

(3) ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ, ਜਿਹੀ ਕਿ ਸੂਰਤ ਹੋਵੇ, ਇਸ ਧਾਰਾ ਅਧੀਨ ਕਿਸੇ ਮਾਮਲੇ ਵਿਚ ਜਾਂਚ ਕਰਦੇ ਸਮੇਂ ਉਹੀ ਸ਼ਕਤੀਆਂ ਹੋਣਗੀਆਂ ਜੋ ਹੇਠ ਲਿਖੇ-ਮਾਮਲਿਆਂ ਦੇ ਬਾਰੇ ਵਿਚ ਦੀਵਾਨੀ ਜਾਬਤਾ ਸੰਘਤਾ, 1908 ਅਧੀਨ ਕਿਸੇ ਦਾਅਵੇ ਤੇ ਵਿਚਾਰ ਕਰਦੇ ਸਮੇਂ ਦੀਵਾਨੀ ਅਦਾਲਤ ਵਿਚ ਨਿਹਿਤ ਹੁੰਦੀਆਂ ਹਨ, ਅਰਥਾਤ:

(ੳ) ਵਿਅਕਤੀਆਂ ਨੂੰ ਤਲਬ ਕਰਨਾ ਅਤੇ ਹਾਜਰ ਕਰਵਾਉਣਾ ਅਤੇ ਸਹੁੰ ਤੇ ਜੁਬਾਨੀ ਜਾਂ ਲਿਖਤੀ ਸ਼ਹਾਦਤ ਦੇਣ ਲਈ ਅਤੇ ਦਸਤਾਵੇਜ਼ ਜਾਂ ਚੀਜ਼ਾਂ ਪੇਸ਼ ਕਰਨ ਲਈ ਉਨ੍ਹਾਂ ਨੂੰ ਮਜਬੂਰ ਕਰਨਾ;

(ਅ) ਦਸਤਾਵੇਜ਼ਾਂ ਦਾ ਪ੍ਰਗਟਾਉਣ ਨਿਰੀਖਣ ਲੋੜਨਾ;

(ੲ) ਹਲਫ਼ੀਆ-ਬਿਆਨ ਤੇ ਸ਼ਹਾਦਤ ਪ੍ਰਾਪਤ ਕਰਨਾ ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸ ਦੀਆਂ ਨਕਲਾਂ ਦੀ ਮੰਗ ਕਰਨਾ;

(ਹ) ਗਵਾਹਾਂ ਜਾਂ ਦਸਤਾਵੇਜ਼ਾਂ ਦੀ ਪਰੀਖਿਆ ਲਈ ਬੁਲਾਵਾ ਜਾਰੀ ਕਰਨਾ ; ਅਤੇ

(ਕ) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਵੇ।

(4) ਸੰਸਦ ਜਾਂ ਰਾਜ ਵਿਧਾਨ ਮੰਡਲ ਦੇ, ਜਿਹੀ ਕਿ ਸੂਰਤ ਹੋਵੇ, ਕਿਸੇ ਹੋਰ ਐਕਟ ਵਿਚ ਦਰਜ ਕਿਸੇ ਅਸੰਗਤ ਗੱਲ ਦੇ ਹੁੰਦਿਆਂ ਹੋਇਆਂ ਵੀ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਇਸ ਐਕਟ ਦੇ ਅਧੀਨ ਕਿਸੇ ਸ਼ਿਕਾਇਤ ਦੀ ਜਾਂਚ ਕਰਨ ਦੇ ਦੌਰਾਨ, ਅਜਿਹੇ ਕਿਸੇ ਰਿਕਾਰਡ ਦੀ ਪਰੀਖਿਆ ਕਰ ਸਕੇਗਾ, ਜਿਸ ਨੂੰ ਇਹ ਐਕਟ ਲਾਗੂ ਹੁੰਦਾ ਹੈ ਜੋ ਲੋਕ ਅਥਾਰਟੀ ਦੇ ਕੰਟਰੋਲ ਅਧੀਨ ਹੈ ਅਤੇ ਅਜਿਹੇ ਕਿਸੇ ਰਿਕਾਰਡ ਨੂੰ ਕਿਸੇ ਵੀ ਆਧਾਰ ਤੇ ਉਸਨੂੰ ਦੇਣ ਤੋਂ ਰੋਕਿਆ ਨਹੀਂ ਜਾਵੇਗਾ।

**19. ਅਪੀਲ -** (1) ਅਜਿਹਾ ਕੋਈ ਵਿਅਕਤੀ, ਜਿਸ ਨੂੰ ਧਾਰਾ 7 ਦੀ ਉਪ-ਧਾਰਾ (1) ਜਾਂ ਉਪ-ਧਾਰਾ (3) ਦੇ ਖੰਡ (ੳ) ਵਿਚ ਉਲਿੱਖਤ ਸਮੇਂ ਦੇ ਅੰਦਰ ਕੋਈ ਫ਼ੈਸਲਾ ਪ੍ਰਾਪਤ ਨਹੀਂ ਹੁੰਦਾ ਜਾਂ ਜੋ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਦੇ, ਜਿਹੀ ਕਿ ਸੂਰਤ ਹੋਵੇ, ਕਿਸੇ ਫ਼ੈਸਲੇ ਤੋਂ ਦੁਖੀ ਹੈ, ਉਸ ਮੁੱਦਤ ਦੇ ਗੁਜ਼ਰਨ ਤੇ ਜਾਂ ਅਜਿਹੇ ਕਿਸੇ ਫ਼ੈਸਲੇ ਦੇ ਪ੍ਰਾਪਤ ਹੋਣ ਤੋਂ ਤੀਹ ਦਿਨਾਂ ਦੇ ਅੰਦਰ ਅਜਿਹੇ ਅਧਿਕਾਰੀ ਨੂੰ ਅਪੀਲ ਕਰ ਸਕੇਗਾ, ਜੋ ਹਰੇਕ ਲੋਕ ਅਥਾਰਟੀ ਵਿਚ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਤੋਂ, ਜਿਹੀ ਕਿ ਸੂਰਤ ਹੋਵੇ, ਦਰਜੇ ਵਿਚ ਵੱਡਾ ਹੋਵੇ :

ਪਰੰਤੂ ਅਜਿਹਾ ਅਧਿਕਾਰੀ ਤੀਹ ਦਿਨ ਦੀ ਮੁੱਦਤ ਗੁਜ਼ਰਨ ਪਿਛੋਂ ਅਪੀਲ ਗ੍ਰਹਿਣ ਕਰ ਸਕੇਗਾ, ਜੇ ਉਸ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਅਪੀਲਕਾਰ ਕਾਫ਼ੀ ਕਾਰਨ ਕਰਕੇ ਸਮੇਂ ਤੇ ਅਪੀਲ ਦਾਇਰ ਨਹੀਂ ਕਰ ਸਕਿਆ।

(2) ਜਿੱਥੇ ਅਪੀਲ ਧਾਰਾ 11 ਦੇ ਅਧੀਨ, ਕਿਸੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਕਿਸੇ ਰਾਜ ਲੋਕ ਸੂਚਨਾ ਅਧਿਕਾਰੀ ਦੁਆਰਾ, ਜਿਹੀ ਕਿ ਸੂਰਤ ਹੋਵੇ, ਤੀਜੀ ਧਿਰ ਦੀ ਸੂਚਨਾ ਪ੍ਰਗਟ ਕਰਨ ਲਈ ਕੀਤੇ ਗਏ ਕਿਸੇ ਹੁਕਮ ਵਿਰੁੱਧ ਕੀਤੀ ਜਾਂਦੀ ਹੈ ਉਥੇ ਸਬੰਧਿਤ ਤੀਜੀ ਧਿਰ ਦੁਆਰਾ ਅਪੀਲ, ਉਸ ਹੁਕਮ ਦੀ ਤਾਰੀਕ ਤੋਂ ਤੀਹ ਦਿਨ ਦੇ ਅੰਦਰ ਕੀਤੀ ਜਾਵੇਗੀ।

(3) ਉਪ-ਧਾਰਾ (1) ਅਧੀਨ ਫ਼ੈਸਲੇ ਦੇ ਵਿਰੁੱਧ ਦੂਜੀ ਅਪੀਲ ਉਸ ਤਾਰੀਕ ਤੋਂ, ਜਿਸ ਨੂੰ ਫ਼ੈਸਲਾ ਕੀਤਾ ਜਾਣਾ ਚਾਹੀਦਾ ਸੀ ਜਾਂ ਵਸਤਵਿਕ ਤੌਰ 'ਤੇ ਪ੍ਰਾਪਤ ਕੀਤਾ ਗਿਆ ਸੀ, ਨੱਬੇ ਦਿਨਾਂ ਦੇ ਅੰਦਰ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ ਹੋਵੇਗੀ :

ਪਰੰਤੂ ਇਹ ਕਿ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਨੱਬੇ ਦਿਨਾਂ ਦੀ ਮੁੱਦਤ ਗੁਜ਼ਰਨ ਤੋਂ ਪਿੱਛੋਂ ਅਪੀਲ ਗ੍ਰਹਿਣ ਕਰ ਸਕੇਗਾ, ਜੇ ਉਸ ਦੀ ਇਹ ਤਸੱਲੀ ਹੋ ਜਾਂਦੀ ਹੈ ਕਿ ਅਪੀਲਕਾਰ ਕਾਫ਼ੀ ਕਾਰਨ ਕਰਕੇ ਸਮੇਂ ਤੇ ਅਪੀਲ ਦਾਇਰ ਨਹੀਂ ਕਰ ਸਕਿਆ।

(4) ਜੇ, ਕੇਂਦਰੀ ਸੂਚਨਾ ਅਧਿਕਾਰੀ ਜਾਂ ਰਾਜ ਸੂਚਨਾ ਅਧਿਕਾਰੀ ਦਾ ਫ਼ੈਸਲਾ, ਜਿਹੀ ਕਿ ਸੂਰਤ ਹੋਵੇ, ਜਿਸ ਦੇ ਵਿਰੁੱਧ ਅਪੀਲ ਕੀਤੀ ਗਈ ਹੈ ਤੀਜੀ ਧਿਰ ਦੀ ਸੂਚਨਾ ਨਾਲ ਸਬੰਧ ਰੱਖਦਾ ਹੈ ਤਾਂ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਉਸ ਤੀਜੀ ਧਿਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਵੇਗਾ।

(5) ਅਪੀਲ ਸਬੰਧੀ ਕੋਈ ਕਾਰਵਾਈਆਂ ਵਿਚ ਇਹ ਸਾਬਤ ਕਰਨ ਦਾ ਜ਼ੁੰਮਾ ਕਿ ਬੇਨਤੀ ਨੂੰ ਅਸਵਿਕਾਰ ਕਰਨਾ ਨਿਆਂ-ਉਚਿਤ ਸੀ, ਉਸ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੁਰਤ ਹੋਵੇ, ਤੇ ਹੋਵੇਗਾ ਜਿਸ ਨੇ ਬੇਨਤੀ ਨੂੰ ਅਸਵਿਕਾਰ ਕੀਤਾ ਸੀ।

(6) ਉਪ-ਧਾਰਾ (1) ਜਾਂ ਉਪ-ਧਾਰਾ (2) ਦੇ ਅਧੀਨ ਕਿਸੇ ਅਪੀਲ ਦਾ ਨਿਪਟਾਰਾ ਅਪੀਲ ਦੀ ਪ੍ਰਾਪਤੀ ਤੋਂ ਤੀਹ ਦਿਨਾਂ ਦੇ ਅੰਦਰ ਜਾਂ ਉਨ੍ਹਾਂ ਕਾਰਨਾਂ ਕਰਕੇ ਜੋ ਕਲਮਬੰਦ ਕੀਤੇ ਜਾਣ, ਅਜਿਹੀ ਵਧਾਈ ਗਈ ਮੁਦੱਤ ਦੇ ਅੰਦਰ, ਜੋ ਉਸਦੇ ਦਾਇਰ ਕੀਤੇ ਜਾਣ ਦੀ ਤਾਰੀਕ ਤੋਂ ਕੁੱਲ ਪੰਤਾਲੀ ਦਿਨਾਂ ਤੋਂ ਨਾ ਵੱਧਦੀ ਹੋਵੇ, ਜਿਹੀ ਕਿ ਸੂਰਤ ਹੋਵੇ, ਕੀਤਾ ਜਾਵੇਗਾ।

(7) ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦਾ ਫ਼ੈਸਲਾ, ਜਿਹੀ ਕਿ ਸੂਰਤ ਹੋਵੇ, ਮੰਨਣਯੋਗ ਹੋਵੇਗਾ।

(8) ਆਪਣੇ ਫ਼ੈਸਲੇ ਵਿਚ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ, ਜਿਹੀ ਕਿ ਸੂਰਤ ਹੋਵੇ, ਹੇਠ,-ਲਿਖੀ ਸ਼ਕਤੀ ਹੋਵੇਗੀ -

(ੳ) ਲੋਕ ਅਥਾਰਟੀ ਤੋਂ ਕੋਈ ਅਜਿਹੇ ਕਦਮ ਚੁੱਕਣਾ ਲੋੜਨਾ, ਜੋ ਇਸ ਐਕਟ ਦੇ ਉਪਬੰਧਾਂ ਦਾ ਪਾਲਣ ਸੁਨਿਸ਼ਚਿਤ ਕਰਨ ਦੇ ਲਈ ਜ਼ਰੂਰੀ ਹੋਣ, ਜਿਸ ਵਿਚ ਹੇਠ-ਲਿਖੇ ਵੀ ਸ਼ਾਮਲ ਹਨ :

(1) ਸੂਚਨਾ ਤੱਕ ਵਿਸ਼ੇਸ਼ ਰੂਪ ਵਿਚ ਪਹੁੰਚ ਉਪਲੱਬਧ ਕਰਾਉਣਾ, ਜੇ ਇਸ ਲਈ ਬੇਨਤੀ ਕੀਤੀ ਗਈ ਹੈ ;

(2) ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਨੂੰ, ਜਿਹੀ ਕਿ ਸੂਰਤ ਹੋਵੇ, ਨਿਯੁਕਤ ਕਰਨਾ ;

(3) ਕੁਝ ਕੁ ਸੂਚਨਾ ਜਾਂ ਸੂਚਨਾ ਦੇ ਵਰਗਾਂ ਨੂੰ ਪ੍ਰਕਾਸ਼ਤ ਕਰਨਾ;

(4) ਰਿਕਾਰਡਾਂ ਦੀ ਸੰਭਾਲ, ਪ੍ਰਬੰਧ ਅਤੇ ਨਸ਼ਟ ਕਰਨ ਨਾਲ ਸਬੰਧਿਤ ਆਪਣੀਆਂ ਕਾਰਜ ਪ੍ਰਣਾਲੀਆਂ ਵਿਚ ਜ਼ਰੂਰੀ ਤਬਦੀਲੀ ਕਰਨਾ;

(5) ਆਪਣੇ ਕਰਮਚਾਰੀਆਂ ਦੇ ਲਈ ਸੂਚਨਾ ਦੇ ਅਧਿਕਾਰ ਦੇ ਸਬੰਧ ਵਿਚ ਸਿਖਲਾਈ ਦੇ ਉਪਬੰਧ ਨੂੰ ਵਧਾਉਣਾ ;

(6) ਧਾਰਾ 4 ਦੀ ਉਪ-ਧਾਰਾ (1) ਦੇ ਖੰਡ (ਅ) ਦੀ ਪਾਲਣਾ ਵਿਚ ਆਪਣੀ ਇਕ ਸਾਲਾਨਾ ਰਿਪੋਰਟ ਉਪਲੱਬਧ ਕਰਾਉਣਾ।

(ਅ) ਲੋਕ ਅਥਾਰਟੀ ਤੋਂ ਸ਼ਿਕਾਇਤਕਾਰ ਨੂੰ, ਉਸ ਦੁਆਰਾ ਉਠਾਈ ਗਈ ਹਾਨੀ ਜਾਂ ਹੋਏ ਕੋਈ ਹੋਰ ਨੁਕਸਾਨ ਲਈ ਮੁਆਵਜਾ ਦੇਣਾ ਲੋੜਨਾ;

(ੲ) ਇਸ ਐਕਟ ਅਧੀਨ ਉਪਬੰਧਤ ਦੰਡਾਂ, ਵਿਚੋਂ ਕੋਈ ਦੰਡ ਅਰੋਪਣਾ;

(ਸ) ਦਰਖ਼ਾਸਤ ਨਾ ਮਨਜ਼ੂਰ ਕਰਨਾ।

(9) ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਸ਼ਿਕਾਇਤਕਾਰ ਅਤੇ ਲੋਕ ਅਥਾਰਟੀ ਨੂੰ, ਅਜਿਹੇ ਫ਼ੈਸਲੇ ਦਾ, ਜਿਸ ਵਿਚ ਅਪੀਲ ਦਾ ਕੋਈ ਅਧਿਕਾਰ ਵੀ ਸ਼ਾਮਲ ਹੈ, ਨੋਟਿਸ ਦੇਵੇਗਾ।

(10) ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਅਪੀਲ ਦਾ ਫ਼ੈਸਲਾ ਅਜਿਹੇ ਜ਼ਾਬਤੇ ਦੇ ਅਨੁਸਾਰ ਕਰੇਗਾ ਜੋ ਮੁਕੱਰਰ ਕੀਤਾ ਜਾਵੇ।

## ਟਿੱਪਣੀ

**20. ਦੰਡ –** (1) ਜਿੱਥੇ ਕਿਸੇ ਸ਼ਿਕਾਇਤ ਜਾਂ ਅਪੀਲ ਦਾ ਫ਼ੈਸਲਾ ਕਰਦੇ ਸਮੇਂ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦੀ, ਜਿਹੀ ਕਿ ਸੂਰਤ ਹੋਵੇ, ਇਹ ਰਾਏ ਹੈ ਕਿ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਨੇ, ਜਿਹੀ ਕਿ ਸੂਰਤ ਹੋਵੇ, ਬਿਨਾਂ ਕਿਸੇ ਵਾਜਬ ਕਾਰਨ ਦੇ ਸੂਚਨਾ ਦੇ ਲਈ ਕਿਸੇ ਦਰਖ਼ਾਸਤ ਨੂੰ ਪ੍ਰਾਪਤ ਕਰਨ ਤੋਂ ਇਨਕਾਰ ਕੀਤਾ ਹੈ ਜਾਂ ਧਾਰਾ 7 ਦੀ ਉੱਪ-ਧਾਰਾ (1) ਦੇ ਅਧੀਨ ਉਲਿੱਖਤ ਸਮੇਂ ਦੇ ਅੰਦਰ ਸੂਚਨਾ ਨਹੀਂ ਦਿੱਤੀ ਹੈ ਜਾਂ ਸੂਚਨਾ ਲਈ ਬੇਨਤੀ ਨੂੰ ਬਦਨੀਤੀ ਨਾਲ ਅਸਵਿਕਾਰ ਕੀਤਾ ਹੈ ਜਾਂ ਜਾਣਦੇ ਹੋਏ ਗਲਤ, ਅਪੂਰਣ ਜਾਂ ਕੁਰਾਹੇ ਪਾਉਣ ਵਾਲੀ ਸੂਚਨਾ ਦਿੱਤੀ ਹੈ ਜਾਂ ਉਸ ਸੂਚਨਾ ਨੂੰ ਨਸ਼ਟ ਕਰ ਦਿੱਤਾ ਹੈ ਜੋ ਬੇਨਤੀ ਦਾ ਵਿਸ਼ਾ ਸੀ ਜਾਂ ਕਿਸੇ ਤਰੀਕੇ ਨਾਲ ਸੂਚਨਾ ਦੇਣ ਵਿਚ ਰੁਕਾਵਟ ਪਾਈ ਹੈ ਤਾਂ ਉਹ ਅਜਿਹੇ ਹਰੇਕ ਦਿਨ ਲਈ, ਜਦੋਂ ਤੱਕ ਦਰਖ਼ਾਸਤ ਪ੍ਰਾਪਤ ਕੀਤੀ ਗਈ ਹੈ ਜਾਂ ਸੂਚਨਾ ਦਿੱਤੀ ਗਈ ਹੈ, ਦੋ ਸੌ ਪੰਜਾਹ ਰੁਪਏ ਦਾ ਦੰਡ ਲਗਾ ਸਕੇਗਾ ਐਪਰ ਅਜਿਹੇ ਦੰਡ ਦੀ ਕੁੱਲ ਰਕਮ ਪੱਚੀ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗੀ :

ਪਰੰਤੂ ਇਹ ਕਿ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਨੂੰ, ਜਿਹੀ ਕਿ ਸੂਰਤ ਹੋਵੇ, ਉਸ ਤੇ ਕੋਈ ਦੰਡ ਅਰੋਪਣ ਤੋਂ ਪਹਿਲਾਂ, ਸੁਣਵਾਈ ਦਾ ਵਾਜਬ ਮੌਕਾ ਦਿੱਤਾ ਜਾਵੇਗਾ:

ਪਰੰਤੂ ਇਹ ਹੋਰ ਕਿ ਇਹ ਸਾਬਤ ਕਰਨ ਦਾ ਭਾਰ, ਕਿ ਉਸ ਨੇ ਵਾਜਬ ਤੌਰ 'ਤੇ ਅਤੇ ਤਨਦੇਹੀ ਨਾਲ ਕਾਰਜ ਕੀਤਾ ਹੈ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਤੇ, ਜਿਹੀ ਕਿ ਸੂਰਤ ਹੋਵੇ, ਹੋਵੇਗਾ।

(2) ਜਿੱਥੇ ਕਿਸੇ ਸ਼ਿਕਾਇਤ ਜਾਂ ਅਪੀਲ ਦਾ ਫ਼ੈਸਲਾ ਕਰਦੇ ਸਮੇਂ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦੀ, ਜਿਹੀ ਕਿ ਸੂਰਤ ਹੋਵੇ, ਇਹ ਰਾਏ ਹੈ ਕਿ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਬਿਨਾਂ ਕਿਸੇ ਵਾਜਬ ਕਾਰਨ ਦੇ ਅਤੇ ਵਾਰ-ਵਾਰ ਸੂਚਨਾ ਲਈ ਕਿਸੇ ਦਰਖ਼ਾਸਤ ਨੂੰ ਪ੍ਰਾਪਤ ਕਰਨ ਵਿਚ ਅਸਫ਼ਲ ਰਿਹਾ ਹੈ ਜਾਂ ਧਾਰਾ 7 ਦੀ ਉੱਪ-ਧਾਰਾ (1) ਦੇ ਅਧੀਨ ਉਲਿੱਖਤ ਸਮੇਂ ਦੇ ਅੰਦਰ ਸੂਚਨਾ ਨਹੀਂ ਦਿੱਤੀ ਹੈ ਜਾਂ ਸੂਚਨਾ ਦੇ ਲਈ ਬੇਨਤੀ ਨੂੰ ਬਦਨੀਤੀ ਨਾਲ ਅਸਵਿਕਾਰ ਕੀਤਾ ਹੈ ਜਾਂ ਜਾਣਦੇ ਹੋਏ ਗਲਤ, ਅਪੂਰਣ ਜਾਂ ਕੁਰਾਹੇ ਪਾਉਣ ਵਾਲੀ ਸੂਚਨਾ ਦਿੱਤੀ ਹੈ ਜਾਂ ਉਸ ਸੂਚਨਾ ਨੂੰ ਨਸ਼ਟ ਕਰ ਦਿੱਤਾ ਹੈ ਜੋ ਬੇਨਤੀ ਦਾ ਵਿਸ਼ਾ ਸੀ ਜਾਂ ਕਿਸੇ ਤਰੀਕੇ ਨਾਲ ਸੂਚਨਾ ਦੇਣ ਵਿਚ ਰੁਕਾਵਟ ਪਾਈ ਹੈ ਉਥੇ ਉਹ ਅਜਿਹੇ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਦੇ, ਜਿਹੀ ਕਿ ਸੂਰਤ ਹੋਵੇ, ਵਿਰੁੱਧ ਉਸ ਨੂੰ ਲਾਗੂ ਸੇਵਾ ਨਿਯਮਾਂ ਅਧੀਨ ਅਨੁਸ਼ਾਸਨੀ ਕਾਰਵਾਈ ਲਈ ਸਿਫ਼ਾਰਸ਼ ਕਰੇਗਾ।

# ਅਧਿਆਏ VI

## ਫੁਟਕਲ

21. **ਨੇਕ ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ** - ਇਸ ਐਕਟ ਅਧੀਨ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਕਿਸੇ ਵਿਅਕਤੀ ਦੇ ਵਿਰੁੱਧ ਕੋਈ ਦਾਵਾ, ਇਤਸਗਾਸਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

22. **ਐਕਟ ਦਾ ਪਰਮ ਪ੍ਰਭਾਵੀ ਹੋਣਾ** - ਇਸ ਐਕਟ ਦੇ ਉਪਬੰਧ, ਸਰਕਾਰੀ ਭੇਦ ਐਕਟ, 1923 (1923 ਦਾ ਕ੍ਰਮ 19) ਵਿਚ ਅਤੇ ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਜਾਂ ਇਸ ਐਕਟ ਤੋਂ ਬਿਨਾਂ ਕਿਸੇ ਕਾਨੂੰਨ ਦੇ ਆਧਾਰ 'ਤੇ ਪ੍ਰਭਾਵ ਰੱਖਣ ਵਾਲੀ ਕਿਸੇ ਲਿਖਤ ਵਿਚ ਦਰਜ ਉਸ ਤੋਂ ਅਸੰਗਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

23. **ਅਦਾਲਤਾਂ ਦੀ ਅਧਿਕਾਰਤਾ ਦੀ ਰੋਕ** - ਕੋਈ ਅਦਾਲਤ, ਇਸ ਐਕਟ ਦੇ ਅਧੀਨ ਕੀਤੇ ਗਏ ਕਿਸੇ ਹੁਕਮ ਦੇ ਬਾਰੇ ਵਿਚ ਕੋਈ ਦਾਵਾ, ਦਰਖ਼ਾਸਤ ਜਾਂ ਹੋਰ ਕਾਰਵਾਈ ਗ੍ਰਹਿਣ ਨਹੀਂ ਕਰੇਗੀ ਅਤੇ ਅਜਿਹੇ ਕਿਸੇ ਹੁਕਮ ਤੇ, ਇਸ ਐਕਟ ਅਧੀਨ ਅਪੀਲ ਕਰਨ ਤੋਂ ਬਿਨਾਂ ਹੋਰਵੇਂ ਕਿਸੇ ਤਰ੍ਹਾਂ, ਉਜਰ ਨਹੀਂ ਕੀਤਾ ਜਾਵੇਗਾ।

24. **ਕੁਝ ਕੁ ਸੰਗਠਨਾਂ ਨੂੰ ਐਕਟ ਦਾ ਲਾਗੂ ਨਾ ਹੋਣਾ** -

(1) ਇਸ ਐਕਟ ਵਿਚ ਦਰਜ ਕੋਈ ਗੱਲ, ਕੇਂਦਰੀ ਸਰਕਾਰ ਦੁਆਰਾ ਸਥਾਪਤ ਗੁਪਤ ਵਾਕਫ਼ੀ ਅਤੇ ਸੁਰੱਖਿਆ ਸੰਗਠਨਾਂ ਨੂੰ, ਜੋ ਦੂਜੀ ਸੂਚੀ ਵਿਚ ਉਲਿੱਖਤ ਹਨ ਜਾਂ ਅਜਿਹੇ ਸੰਗਠਨਾਂ ਦੁਆਰਾ ਉਸ ਸਰਕਾਰ ਨੂੰ ਦਿੱਤੀ ਗਈ ਕਿਸੇ ਸੂਚਨਾ ਨੂੰ ਲਾਗੂ ਨਹੀਂ ਹੋਵੇਗੀ :

ਪਰੰਤੂ ਇਹ ਕਿ ਭ੍ਰਿਸ਼ਟਾਚਾਰ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੂਸ਼ਣ ਨਾਲ ਸਬੰਧਿਤ ਸੂਚਨਾ ਇਸ ਉਪ-ਧਾਰਾ ਅਧੀਨ ਅਪਵਰਜਤ ਨਹੀਂ ਹੋਵੇਗੀ :

ਪਰੰਤੂ ਇਹ ਹੋਰ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੂਸ਼ਣ ਬਾਰੇ ਮੰਗੀ ਗਈ ਸੂਚਨਾ ਦੀ ਸੂਰਤ ਵਿਚ, ਸੂਚਨਾ ਕੇਵਲ ਕੇਂਦਰੀ ਸੂਚਨਾ ਕਮਿਸ਼ਨ ਦੀ ਪ੍ਰਵਾਨਗੀ ਤੋਂ ਪਿੱਛੋਂ ਦਿੱਤੀ ਜਾਵੇਗੀ ਅਤੇ ਧਾਰਾ 7 ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਜਿਹੀ ਸੂਚਨਾ ਬੇਨਤੀ ਦੀ ਪ੍ਰਾਪਤੀ ਦੀ ਤਾਰੀਕ ਤੋਂ ਪੰਤਾਲੀ ਦਿਨਾਂ ਦੇ ਅੰਦਰ ਦਿੱਤੀ ਜਾਵੇਗੀ।

(2) ਕੇਂਦਰੀ ਸਰਕਾਰ, ਸਰਕਾਰੀ ਰਾਜ-ਪੱਤਰ ਵਿਚ ਅਧਿਸੂਚਨਾ ਦੁਆਰਾ, ਅਨੁਸੂਚੀ ਦੀ, ਉਸ ਸਰਕਾਰ ਦੁਆਰਾ ਸਥਾਪਤ ਕਿਸੇ ਹੋਰ ਗੁਪਤ ਵਾਕਫ਼ੀ ਜਾਂ ਸੁਰੱਖਿਆ ਸੰਗਠਨ ਨੂੰ ਉਸ ਵਿਚ ਸ਼ਾਮਿਲ ਕਰਕੇ ਜਾਂ ਉਸ ਵਿਚ ਪਹਿਲਾਂ ਤੋਂ ਹੀ ਉਲਿੱਖਤ ਕਿਸੇ ਸੰਗਠਨ ਨੂੰ ਉਸ ਤੋਂ ਲੋਪ ਕਰਕੇ, ਸੋਧ ਕਰ ਸਕੇਗੀ ਅਤੇ ਅਜਿਹੀ ਅਧਿਸੂਚਨਾ ਦੇ ਪ੍ਰਕਾਸ਼ਨ ਤੇ ਅਜਿਹੇ ਸੰਗਠਨ ਨੂੰ ਅਨੁਸੂਚੀ ਵਿਚ ਸ਼ਾਮਿਲ ਕੀਤਾ ਗਿਆ ਜਾਂ ਲੋਪ ਕੀਤਾ ਗਿਆ, ਜਿਹੀ ਕਿ ਸੂਰਤ ਹੋਵੇ, ਸਮਝਿਆ ਜਾਵੇਗਾ।

(3) ਉਪ-ਧਾਰਾ (2) ਦੇ ਅਧੀਨ ਜਾਰੀ ਕੀਤੀ ਗਈ ਹਰੇਕ ਅਧਿਸੂਚਨਾ, ਸੰਸਦ ਦੇ ਹਰੇਕ ਸਦਨ ਦੇ ਅੱਗੇ ਰੱਖੀ ਜਾਵੇਗੀ।

(4) ਇਸ ਐਕਟ ਵਿਚ ਦਰਜ ਕੋਈ ਵੀ ਗੱਲ, ਅਜਿਹੀ ਗੁਪਤ ਵਾਕਫ਼ੀ ਅਤੇ ਸੁਰੱਖਿਆ ਸੰਗਠਨਾਂ ਨੂੰ ਲਾਗੂ ਨਹੀਂ ਹੋਵੇਗੀ, ਜੋ ਰਾਜ ਸਰਕਾਰ ਦੁਆਰਾ ਸਥਾਪਿਤ ਅਜਿਹੇ ਸੰਗਠਨ ਹਨ, ਜਿਨ੍ਹਾਂ ਨੂੰ ਉਹ ਸਰਕਾਰ ਸਮੇਂ-ਸਮੇਂ ਤੇ ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ ਉਲਿੱਖਤ ਕਰੇ :

ਪਰੰਤੂ ਇਹ ਕਿ ਭ੍ਰਿਸ਼ਟਾਚਾਰ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੂਸ਼ਣ ਨਾਲ ਸਬੰਧਿਤ ਸੂਚਨਾ ਇਸ ਉਪ-ਧਾਰਾ ਅਧੀਨ ਅਪਵਰਜਤ ਨਹੀਂ ਹੋਵੇਗੀ :

ਪਰੰਤੂ ਇਹ ਹੋਰ ਕਿ ਮਨੁੱਖੀ ਅਧਿਕਾਰਾਂ ਦਾ ਉਲੰਘਣਾ ਦੇ ਦੂਸ਼ਣ ਬਾਰੇ ਮੰਗੀ ਗਈ ਸੂਚਨਾ ਦੀ ਸੂਰਤ ਵਿਚ ਸੂਚਨਾ

ਕੇਵਲ ਰਾਜ ਸੂਚਨਾ ਕਮਿਸ਼ਨ ਦੀ ਪਰਵਾਨਗੀ ਤੋਂ ਪਿੱਛੋਂ ਦਿੱਤੀ ਜਾਵੇਗੀ ਅਤੇ ਧਾਰਾ 7 ਵਿਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਜਿਹੀ ਸੂਚਨਾ ਬੇਨਤੀ ਦੀ ਪ੍ਰਾਪਤੀ ਦੀ ਤਾਰੀਕ ਤੋਂ ਪੰਤਾਲੀ ਦਿਨਾਂ ਦੇ ਅੰਦਰ ਦਿੱਤੀ ਜਾਵੇਗੀ।

(5) ਉਪ-ਧਾਰਾ (4) ਅਧੀਨ ਜਾਰੀ ਕੀਤੀ ਗਈ ਹਰੇਕ ਅਧਿਸੂਚਨਾ ਰਾਜ ਵਿਧਾਨ ਮੰਡਲ ਅੱਗੇ ਰੱਖੀ ਜਾਵੇਗੀ।

**25. ਮਾਨਿਟਰ ਕਰਨਾ ਅਤੇ ਰਿਪੋਰਟ ਕਰਨਾ -**

(1) ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ, ਜਿਹੀ ਕਿ ਸੂਰਤ ਹੋਵੇ, ਹਰੇਕ ਸਾਲ ਦੇ ਅੰਤ ਪਿੱਛੋਂ ਜਿੰਨੀ ਛੇਤੀ ਅਮਲਯੋਗ ਹੋ ਸਕੇ, ਉਸ ਸਾਲ ਦੇ ਦੌਰਾਨ ਇਸ ਐਕਟ ਦੇ ਉਪਬੰਧਾਂ ਦੇ ਲਾਗੂ ਹੋਣ ਦੇ ਸਬੰਧ ਵਿਚ ਇਕ ਰਿਪੋਰਟ ਤਿਆਰ ਕਰੇਗਾ ਅਤੇ ਉਸ ਦੀ ਇਕ ਨਕਲ ਮੁਨਾਸਬ ਸਰਕਾਰ ਨੂੰ ਭੇਜੇਗਾ।

(2) ਹਰੇਕ ਮੰਤਰਾਲਾ ਜਾਂ ਵਿਭਾਗ, ਆਪਣੀ ਅਧਿਕਾਰਤਾ ਦੇ ਅੰਦਰ ਲੋਕ ਅਥਾਰਟੀਆਂ ਦੇ ਸਬੰਧ ਵਿਚ ਅਜਿਹੀ ਸੂਚਨਾ ਇਕੱਤਰ ਕਰੇਗਾ ਅਤੇ ਉਸ ਨੂੰ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ, ਜਿਹੀ ਕਿ ਸੂਰਤ ਹੋਵੇ, ਉਪਲੱਬਧ ਕਰਵਾਏਗਾ, ਜੋ ਇਸ ਧਾਰਾ ਦੇ ਅਧੀਨ ਰਿਪੋਰਟ ਤਿਆਰ ਕਰਨ ਲਈ ਲੋੜੀਂਦੀ ਹੈ ਅਤੇ ਇਸ ਧਾਰਾ ਦੇ ਪ੍ਰਯੋਜਨ ਲਈ, ਉਸ ਸੂਚਨਾ ਨੂੰ ਦੇਣ ਜਾਂ ਰਿਕਾਰਡ ਰੱਖਣ ਨਾਲ ਸਬੰਧਿਤ ਲੋੜਾਂ ਦੀ ਪਾਲਣਾ ਕਰੇਗਾ

(3) ਹਰੇਕ ਰਿਪੋਰਟ ਵਿਚ, ਉਸ ਸਾਲ ਦੇ ਬਾਰੇ ਜਿਸ ਨਾਲ ਰਿਪੋਰਟ ਸਬੰਧਿਤ ਹੈ, ਹੇਠ ਲਿਖਿਆਂ ਬਾਰੇ ਕਥਨ ਹੋਵੇਗਾ :

(ੳ) ਹਰੇਕ ਲੋਕ ਅਥਾਰਟੀ ਨੂੰ ਕੀਤੀਆਂ ਗਈਆਂ ਬੇਨਤੀਆਂ ਦੀ ਗਿਣਤੀ;

(ਅ) ਅਜਿਹੇ ਫੈਸਲਿਆਂ ਦੀ ਗਿਣਤੀ ਜਿੱਥੇ ਦਰਖ਼ਾਸਤਕਾਰ ਬੇਨਤੀਆਂ ਦੇ ਅਨੁਸਰਣ ਵਿਚ ਦਸਤਾਵੇਜ਼ਾਂ ਤੱਕ ਪਹੁੰਚ ਦੇ ਲਈ ਹੱਕਦਾਰ ਨਹੀਂ ਸਨ, ਇਸ ਐਕਟ ਦੇ ਉਹ ਉਪਬੰਧ ਜਿਨ੍ਹਾਂ ਦੇ ਅਧੀਨ ਉਹ ਫ਼ੈਸਲੇ ਕੀਤੇ ਗਏ ਸਨ ਅਤੇ ਜਿੰਨੀ ਵਾਰ, ਅਜਿਹੇ ਉਪਬੰਧਾਂ ਦਾ ਸਹਾਰਾ ਲਿਆ ਗਿਆ ਸੀ, ਉਨ੍ਹਾਂ ਸਮਿਆਂ ਦੀ ਗਿਣਤੀ ;

(ੲ) ਨਜ਼ਰਸਾਨੀ ਦੇ ਲਈ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ, ਜਿਹੀ ਕਿ ਸੂਰਤ ਹੋਵੇ, ਕੀਤੀਆਂ ਗਈਆਂ ਅਪੀਲਾਂ ਦੀ ਗਿਣਤੀ, ਅਪੀਲਾਂ ਦੀ ਪ੍ਰਕ੍ਰਿਤੀ ਅਤੇ ਅਪੀਲਾਂ ਦੇ ਨਤੀਜੇ;

(ਸ) ਇਸ ਐਕਟ ਦੇ ਪ੍ਰਸ਼ਾਸਨ ਦੇ ਬਾਰੇ ਕਿਸੇ ਅਧਿਕਾਰੀ ਵਿਰੁੱਧ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਦੇ ਵੇਰਵੇ;

(ਹ) ਇਸ ਐਕਟ ਅਧੀਨ ਹਰੇਕ ਲੋਕ ਅਥਾਰਟੀ ਦੁਆਰਾ ਇਕੱਤਰ ਕੀਤੀ ਗਈ ਖਰਚਿਆਂ ਦੀ ਰਕਮ;

(ਕ) ਕੋਈ ਅਜਿਹੇ ਤੱਥ, ਜੋ ਇਸ ਐਕਟ ਦੀ ਭਾਵਨਾ ਅਤੇ ਇਰਾਦੇ ਨੂੰ ਪ੍ਰਸ਼ਾਸਿਤ ਜਾਂ ਲਾਗੂ ਕਰਨ ਦੇ ਲਈ ਲੋਕ ਅਥਾਰਟੀਆਂ ਦੇ ਕਿਸੇ ਉਦਮ ਨੂੰ ਦਰਸਾਉਂਦੇ ਹਨ;

(ਖ) ਸੁਧਾਰ ਲਈ ਸਿਫਾਰਸ਼ਾਂ, ਜਿਸ ਵਿਚ ਇਸ ਐਕਟ ਜਾਂ ਹੋਰ ਵਿਧਾਨ ਜਾਂ ਕਾਮਨ ਲਾਅ ਦੇ ਵਿਕਾਸ, ਬਿਹਤਰੀ, ਆਧੁਨਿਕੀਕਰਣ, ਸੁਧਾਰ ਜਾਂ ਸੋਧ ਲਈ ਵਿਸ਼ੇਸ਼ ਲੋਕ ਅਥਾਰਟੀਆਂ ਦੇ ਬਾਰੇ ਜਾਂ ਸੂਚਨਾ ਤੱਕ ਪਹੁੰਚ ਦੇ ਅਧਿਕਾਰ ਨੂੰ ਅਮਲਸ਼ੀਲ ਬਣਾਉਣ ਲਈ ਸੁਸੰਗਤ ਕਿਸੇ ਮਾਮਲੇ ਦੇ ਬਾਰੇ ਸਿਫ਼ਾਰਸ਼ਾਂ ਵੀ ਸ਼ਾਮਲ ਹਨ।

(4) ਕੇਂਦਰੀ ਸਰਕਾਰ ਜਾਂ ਰਾਜ ਸਰਕਾਰ, ਜਿਹੀ ਕਿ ਸੂਰਤ ਹੋਵੇ, ਹਰੇਕ ਸਾਲ ਦੇ ਅੰਤ ਪਿੱਛੋਂ, ਜਿੰਨੀ ਛੇਤੀ ਅਮਲਯੋਗ ਹੋ ਸਕੇ, ਉਪ-ਧਾਰਾ (1) ਵਿਚ ਹਵਾਲਾ ਦਿੱਤੇ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦੀ, ਜਿਹੀ ਕਿ ਸੂਰਤ ਹੋਵੇ, ਰਿਪੋਰਟ ਦੀ ਇਕ ਨਕਲ, ਸੰਸਦ ਦੇ ਹਰੇਕ ਸਦਨ ਦੇ ਅੱਗੇ ਜਾਂ ਜਿੱਥੇ ਰਾਜ ਵਿਧਾਨ ਮੰਡਲ ਦੇ ਦੋ ਸਦਨ ਹਨ ਉੱਥੇ ਹਰੇਕ ਸਦਨ ਦੇ ਅੱਗੇ, ਜਿਹੀ ਕਿ ਸੂਰਤ ਹੋਵੇ, ਅਤੇ ਜਿੱਥੇ ਰਾਜ ਵਿਧਾਨ ਮੰਡਲ ਦਾ ਇਕ ਸਦਨ ਹੈ ਉੱਥੇ ਉਸ

ਸਦਨ ਦੇ ਅੱਗੇ ਰਖਵਾਏਗੀ।

(5) ਜੇ ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਨੂੰ, ਜਿਹੀ ਕਿ ਸੂਰਤ ਹੋਵੇ, ਪ੍ਰਤੀਤ ਹੁੰਦਾ ਹੈ ਕਿ ਇਸ ਐਕਟ ਦੇ ਅਧੀਨ ਆਪਣੇ ਕਾਜਕਾਰਾਂ ਦੀ ਵਰਤੋਂ ਕਰਨ ਦੇ ਸਬੰਧ ਵਿਚ ਕਿਸੇ ਲੋਕ ਅਥਾਰਟੀ ਦੀ ਕਾਰਜਪ੍ਰਣਾਲੀ ਇਸ ਐਕਟ ਦੇ ਉਪਬੰਧਾਂ ਜਾਂ ਭਾਵਨਾ ਦੇ ਅਨੁਰੂਪ ਨਹੀਂ ਹੈ ਤਾਂ ਉਹ ਉਸ ਅਥਾਰਟੀ ਨੂੰ ਅਜਿਹੇ ਕਦਮ ਉਲਿੱਖਤ ਕਰਦੇ ਹੋਏ, ਜੋ ਉਸ ਦੀ ਰਾਏ ਵਿਚ ਅਜਿਹੀ ਅਨੁਰੂਪਤਾ ਨੂੰ ਉੱਨਤ ਕਰਨ ਲਈ ਚੁੱਕੇ ਜਾਣੇ ਚਾਹੀਦੇ ਹਨ, ਸਿਫਾਰਸ਼ ਕਰ ਸਕੇਗਾ।

**26. ਮੁਨਾਸਬ ਸਰਕਾਰ ਦੁਆਰਾ ਪ੍ਰੋਗਰਾਮ ਤਿਆਰ ਕਰਨੇ -**

(1) ਮੁਨਾਸਬ ਸਰਕਾਰ, ਵਿੱਤੀ ਅਤੇ ਹੋਰ ਵਸੀਲਿਆਂ ਦੇ ਉਪਲੱਬਧ ਹੋਣ ਦੀ ਹੱਦ ਤੱਕ :

(ੳ) ਲੋਕਾਂ ਦੀ, ਖਾਸ ਤੌਰ ਤੇ ਅਣਗੌਲੇ ਫ਼ਿਰਕਿਆਂ ਦੀ, ਇਸ ਬਾਬਤ ਸਮਝ ਵਿਚ ਵਾਧਾ ਕਰਨ ਲਈ ਕਿ ਇਸ ਐਕਟ ਦੇ ਅਧੀਨ ਚਿਤਵਤ ਅਧਿਕਾਰਾਂ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਣੀ ਹੈ, ਸਿੱਖਿਅਕ ਪ੍ਰੋਗਰਾਮ ਬਣਾ ਸਕੇਗੀ ਅਤੇ ਆਯੋਜਿਤ ਕਰ ਸਕੇਗੀ ;

(ਅ) ਲੋਕ ਅਥਾਰਟੀਆਂ ਨੂੰ ਖੰਡ (ੳ) ਵਿਚ ਹਵਾਲਾ ਦਿੱਤੇ ਪ੍ਰੋਗਰਾਮਾਂ ਨੂੰ ਬਣਾਉਣ ਅਤੇ ਉਨ੍ਹਾਂ ਦੇ ਆਯੋਜਨ ਵਿਚ ਭਾਗ ਲੈਣ ਅਤੇ ਅਜਿਹੇ ਪ੍ਰੋਗਰਾਮਾਂ ਦਾ ਖੁਦ ਜਿੰਮਾਂ ਲੈਣ ਲਈ ਉਤਸ਼ਾਹਿਤ ਕਰ ਸਕੇਗੀ ;

(ੲ) ਲੋਕ ਅਥਾਰਟੀਆਂ ਦੁਆਰਾ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਸਹੀ ਸੂਚਨਾ ਦਾ ਸਮੇਂ ਸਿਰ ਅਤੇ ਪ੍ਰਭਾਵੀ ਰੂਪ ਵਿਚ ਪ੍ਰਸਾਰ ਕੀਤੇ ਜਾਣ ਲਈ ਬੜ੍ਹਾਵਾ ਦੇ ਸਕੇਗੀ ;

(ਸ) ਲੋਕ ਅਥਾਰਟੀਆਂ ਦੇ, ਕੇਂਦਰੀ ਸੂਚਨਾ ਅਧਿਕਾਰੀਆਂ ਜਾਂ ਰਾਜ ਲੋਕ ਸੂਚਨਾ ਅਧਿਕਾਰੀਆਂ ਨੂੰ, ਜਿਹੀ ਕਿ ਸੂਰਤ ਹੋਵੇ, ਸਿਖਲਾਈ ਦੇ ਸਕੇਗੀ ਅਤੇ ਲੋਕ ਅਥਾਰਟੀਆਂ ਦੁਆਰਾ ਆਪਣੀ ਵਰਤੋਂ ਦੇ ਲਈ ਸੁਸੰਗਤ ਸਿਖਲਾਈ ਸਮੱਗਰੀਆਂ ਦਾ ਉਤਪਾਦਨ ਕਰ ਸਕੇਗੀ।

(2) ਮੁਨਾਸਬ ਸਰਕਾਰ, ਇਸ ਐਕਟ ਦੇ ਆਰੰਭ ਤੋਂ ਅਠਾਰ੍ਹਾਂ ਮਹੀਨਿਆਂ ਦੇ ਅੰਦਰ ਆਪਣੀ ਰਾਜ ਭਾਸ਼ਾ ਵਿਚ ਆਸਾਨੀ ਨਾਲ ਸਮਝੇ ਜਾਣ ਵਾਲੇ ਰੂਪ ਅਤੇ ਤਰੀਕੇ ਨਾਲ ਅਜਿਹੀ ਸੂਚਨਾ ਵਾਲੀ ਇੱਕ ਗਾਈਡ ਤਿਆਰ ਕਰੇਗੀ, ਜਿਸ ਨੂੰ ਅਜਿਹੇ ਕਿਸੇ ਵਿਅਕਤੀ ਦੁਆਰਾ ਵਾਜਬ ਤੌਰ 'ਤੇ ਲੋੜਿਆ ਜਾਵੇ ਜੋ ਇਸ ਐਕਟ ਵਿਚ ਉਲਿੱਖਤ ਕਿਸੇ ਅਧਿਕਾਰ ਦੀ ਵਰਤੋਂ ਕਰਨਾ ਚਾਹੁੰਦਾ ਹੈ।

(3) ਮੁਨਾਸਬ ਸਰਕਾਰ, ਜੇ ਜ਼ਰੂਰੀ ਹੋਵੇ ਤਾਂ, ਉਪ-ਧਾਰਾ (2) ਵਿਚ ਹਵਾਲਾ ਦਿੱਤੀਆਂ ਸੇਧਾਂ ਨੂੰ ਨਿਯਮਤ ਵਕਫ਼ਿਆਂ ਤੇ ਮਿਤੀ-ਅੰਤ-ਤੱਕ ਠੀਕ ਕਰੇਗੀ ਅਤੇ ਪ੍ਰਕਾਸ਼ਤ ਕਰੇਗੀ, ਜਿਸ ਵਿਚ ਖਾਸ ਤੌਰ 'ਤੇ ਅਤੇ ਉਪ-ਧਾਰਾ (2) ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਹੇਠ-ਲਿਖੇ ਸ਼ਾਮਲ ਹੋਣਗੇ :-

(ੳ) ਇਸ ਐਕਟ ਦੇ ਉਦੇਸ਼ ;

(ਅ) ਧਾਰਾ 5 ਦੀ ਉਪ-ਧਾਰਾ (1) ਅਧੀਨ ਨਿਯੁਕਤ ਹਰੇਕ ਲੋਕ ਅਥਾਰਟੀ ਦੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਦਾ, ਜਿਹੀ ਕਿ ਸੂਰਤ ਹੋਵੇ, ਡਾਕ ਅਤੇ ਗਲੀ ਦਾ ਪਤਾ, ਫੋਨ ਅਤੇ ਫ਼ੈਕਸ ਨੰਬਰ ਅਤੇ ਜੇ ਉਪਲੱਬਧ ਹੋਵੇ ਤਾਂ ਉਸ ਦਾ ਇਲੈਕਟ੍ਰੌਨਿਕ ਡਾਕ ਪਤਾ ;

(ੲ) ਉਹ ਤਰੀਕਾ ਅਤੇ ਰੂਪ, ਜਿਸ ਵਿਚ ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਜਿਹੀ ਕਿ ਸੂਰਤ ਹੋਵੇ, ਕਿਸੇ ਸੂਚਨਾ ਤੱਕ ਪਹੁੰਚ ਦੀ ਬੇਨਤੀ ਕੀਤੀ ਜਾਵੇਗੀ;

(ਸ) ਇਸ ਐਕਟ ਅਧੀਨ ਲੋਕ ਅਥਾਰਟੀ ਦੇ, ਕੇਂਦਰੀ ਲੋਕ ਸੂਚਨਾ ਅਧਿਕਾਰੀ ਜਾਂ ਰਾਜ ਲੋਕ ਸੂਚਨਾ ਅਧਿਕਾਰੀ ਤੋਂ, ਜਿਹੀ ਕਿ ਸੂਰਤ ਹੋਵੇ, ਉਪਲੱਬਧ ਸਹਾਇਤਾ ਅਤੇ ਉਸ ਦੇ ਕਰਤੱਵ;

(ਹ) ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਤੋਂ, ਜਿਹੀ ਕਿ ਸੂਰਤ ਹੋਵੇ, ਉਪਲੱਬਧ ਸਹਾਇਤਾ;

(ਕ) ਇਸ ਐਕਟ ਦੁਆਰਾ ਪ੍ਰਦਾਨ ਕੀਤੇ ਜਾਂ ਅਰੋਪੇ ਕਿਸੇ ਅਧਿਕਾਰ ਜਾਂ ਕਰਤੱਵ ਬਾਰੇ ਕਿਸੇ ਕਾਰਜ ਕਰਨ

ਜਾਂ ਕਾਰਜ ਕਰਨ ਵਿਚ ਅਸਫ਼ਲ ਰਹਿਣ ਸਬੰਧੀ ਕਾਨੂੰਨ ਵਿਚ ਉਪਲੱਬਧ ਸਾਰੇ ਉਪਚਾਰ, ਜਿਸ ਵਿਚ ਕਮਿਸ਼ਨ ਕੋਲ ਅਪੀਲ ਦਾਇਰ ਕਰਨ ਦਾ ਤਰੀਕਾ ਵੀ ਸ਼ਾਮਲ ਹੈ;

(ਖ) ਧਾਰਾ 4 ਦੀ ਅਨੁਸਾਰਤਾ ਵਿਚ ਰਿਕਾਰਡਾਂ ਦੇ ਵਰਗਾਂ ਦੇ ਸਵੈ-ਇੱਛਾ ਨਾਲ ਪ੍ਰਗਟਾਵੇ ਦਾ ਉਪਬੰਧ ਕਰਨ ਵਾਲੇ ਉਪਬੰਧ;

(ਗ) ਕਿਸੇ ਸੂਚਨਾ ਤੱਕ ਪਹੁੰਚ ਦੇ ਲਈ ਬੇਨਤੀਆਂ ਦੇ ਸਬੰਧ ਵਿਚ ਅਦਾ ਕੀਤੀਆਂ ਜਾਣ ਵਾਲੀਆਂ ਫ਼ੀਸਾਂ ਸਬੰਧੀ ਨੋਟਿਸ ; ਅਤੇ

(ਘ) ਇਸ ਐਕਟ ਦੀ ਅਨੁਸਾਰਤਾ ਵਿਚ ਕਿਸੇ ਸੂਚਨਾ ਤੱਕ ਪਹੁੰਚ ਪ੍ਰਾਪਤ ਕਰਨ ਦੇ ਸਬੰਧ ਵਿਚ ਬਣਾਏ ਗਏ ਜਾਂ ਜਾਰੀ ਕੀਤੇ ਗਏ ਵਾਧੂ ਵਿਨਿਯਮ ਜਾਂ ਗਸ਼ਤੀ-ਪੱਤਰ।

(4) ਮੁਨਾਸਬ ਸਰਕਾਰ ਜੇ ਜ਼ਰੂਰੀ ਹੋਵੇ ਨਿਯਮਤ ਵਕਫ਼ਿਆਂ ਤੇ ਸੋਧਾਂ ਨੂੰ ਮਿਤੀ-ਅੰਤ-ਤੱਕ ਅਵਸ਼ ਠੀਕ ਕਰੇ ਅਤੇ ਪ੍ਰਕਾਸ਼ਿਤ ਕਰੇ।

**27. ਮੁਨਾਸਬ ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ**

(1) ਮੁਨਾਸਬ ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ, ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ, ਨਿਯਮ ਬਣਾ ਸਕੇਗੀ।

(2) ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿਚ ਹੇਠ ਲਿਖੇ ਸਭ ਮਾਮਲਿਆਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ, ਉਪਬੰਧ ਕੀਤਾ ਜਾ ਸਕੇਗਾ, ਅਰਥਾਤ :

(ੳ) ਧਾਰਾ 4 ਦੀ ਉਪ-ਧਾਰਾ (4) ਅਧੀਨ ਪ੍ਰਸਾਰ ਕੀਤੀਆਂ ਜਾਣ ਵਾਲੀਆਂ ਸਮੱਗਰੀਆਂ ਦੇ ਮਾਧਿਅਮ ਦੀ ਲਾਗਤ ਜਾਂ ਛਪਾਈ ਲਾਗਤ ਮੁੱਲ;

(ਅ) ਧਾਰਾ 6 ਦੀ ਉਪ-ਧਾਰਾ (1) ਅਧੀਨ ਅਦਾਇਗੀਯੋਗ ਫ਼ੀਸ;

(ੲ) ਧਾਰਾ 7 ਦੀਆਂ ਉਪ-ਧਾਰਾਵਾਂ (1) ਅਤੇ (5) ਅਧੀਨ ਅਦਾਇਗੀਯੋਗ ਫੀਸ ;

(ਸ) ਧਾਰਾ 13 ਦੀ ਉਪ-ਧਾਰਾ (6) ਅਤੇ ਧਾਰਾ 16 ਦੀ ਉਪ-ਧਾਰਾ (6) ਅਧੀਨ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਤਨਖ਼ਾਹ ਅਤੇ ਭੱਤੇ ਅਤੇ ਉਨ੍ਹਾਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਹ) ਧਾਰਾ 19 ਦੀ ਉਪ-ਧਾਰਾ (10) ਅਧੀਨ ਅਪੀਲਾਂ ਦਾ ਫ਼ੈਸਲਾ ਕਰਦੇ ਸਮੇਂ, ਕੇਂਦਰੀ ਸੂਚਨਾ ਕਮਿਸ਼ਨ ਜਾਂ ਰਾਜ ਸੂਚਨਾ ਕਮਿਸ਼ਨ ਦੁਆਰਾ, ਜਿਹੀ ਕਿ ਸੂਰਤ ਹੋਵੇ, ਅਪਣਾਇਆ ਜਾਣ ਵਾਲਾ ਜ਼ਾਬਤਾ; ਅਤੇ

(ਕ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਣਾ ਲੋੜੀਂਦਾ ਹੋਵੇ ਜਾਂ ਮੁਕੱਰਰ ਕੀਤਾ ਜਾਵੇ।

**28. ਸਮਰੱਥ ਅਥਾਰਟੀ ਦੀ ਨਿਯਮ ਬਣਾਉਣ ਦੀ ਸ਼ਕਤੀ -**

(1) ਸਮਰੱਥ ਅਥਾਰਟੀ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ, ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ, ਨਿਯਮ ਬਣਾ ਸਕੇਗੀ।

(2) ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮਾਂ ਵਿਚ ਹੇਠ ਲਿਖੇ ਸਭ ਮਾਮਲਿਆਂ ਜਾਂ ਉਨ੍ਹਾਂ ਵਿਚੋਂ ਕਿਸੇ ਲਈ, ਉਪਬੰਧ ਕੀਤਾ ਜਾ ਸਕੇਕਾ, ਅਰਥਾਤ :

(1) ਧਾਰਾ 4 ਦੀ ਉਪ-ਧਾਰਾ (4) ਅਧੀਨ ਪ੍ਰਸਾਰ ਕੀਤੀਆਂ ਜਾਣ ਵਾਲੀਆਂ ਸਮੱਗਰੀਆਂ ਦੇ ਮਾਧਿਅਮ ਦੀ ਲਾਗਤ ਜਾਂ ਛਪਾਈ ਲਾਗਤ ਮੁੱਲ :

(2) ਧਾਰਾ 6 ਦੀ ਉਪ-ਧਾਰਾ (1) ਅਧੀਨ ਅਦਾਇਗੀਯੋਗ ਫ਼ੀਸ;

(3) ਧਾਰਾ 7 ਦੀ ਉਪ-ਧਾਰਾ (1) ਅਧੀਨ ਅਦਾਇਗੀਯੋਗ ਫ਼ੀਸ; ਅਤੇ

(4) ਕੋਈ ਹੋਰ ਮਾਮਲਾ, ਜੋ ਮੁਕੱਰਰ ਕੀਤਾ ਜਾਣਾ ਲੋੜੀਂਦਾ ਹੋਵੇ ਜਾਂ ਮੁਕੱਰਰ ਕੀਤਾ ਜਾਵੇ।

**29. ਨਿਯਮਾਂ ਦਾ ਰੱਖਿਆ ਜਾਣਾ -**

(1) ਇਸ ਐਕਟ ਅਧੀਨ ਕੇਂਦਰੀ ਸਰਕਾਰ ਦੁਆਰਾ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ, ਜਦ ਉਹ ਇਜਲਾਸ ਵਿਚ ਹੈ, ਤੀਹ ਦਿਨਾਂ ਦੀ ਕੁੱਲ ਮੁਦੱਤ ਲਈ ਰੱਖਿਆ ਜਾਵੇਗਾ, ਜੋ ਇਕ ਇਜਲਾਸ ਵਿਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿਚ ਪੂਰੀ ਹੋ ਸਕੇਗੀ ਅਤੇ ਜੇ ਉਪਰੋਕਤ ਇਜਲਾਸ ਜਾਂ ਕ੍ਰਮਵਰਤੀ ਇਜਲਾਸਾਂ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਨ ਤੋਂ ਪਹਿਲਾਂ ਦੋਵੇਂ ਸਦਨ ਉਸ ਨਿਯਮ ਵਿਚ ਕੋਈ ਰੂਪ ਭੇਦ ਕਰਨ ਲਈ ਸਹਿਮਤ ਹੋ ਜਾਂਦੇ ਹਨ ਜਾਂ ਦੋਵੇਂ ਸਦਨ ਸਹਿਮਤ ਹੋ ਜਾਂਦੇ ਹਨ ਕਿ ਉਹ ਨਿਯਮ ਨਾ ਬਣਾਇਆ ਜਾਵੇ, ਤਾਂ ਉਹ ਨਿਯਮ, ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪ ਭੇਦ ਕੀਤੇ ਰੂਪ ਵਿਚ ਹੀ ਪ੍ਰਭਾਵੀ ਹੋਵੇਗਾ, ਜਾਂ ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪ ਭੇਦ ਜਾਂ ਮਨਸੂਖੀ (ਰੱਦਣ) ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਕਿਸੇ ਗੱਲ ਦੀ ਜਾਇਜ਼ਤਾ ਦੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

(2) ਇਸ ਐਕਟ ਦੇ ਅਧੀਨ ਕਿਸੇ ਰਾਜ ਸਰਕਾਰ ਦੁਆਰਾ ਬਣਾਇਆ ਗਿਆ ਹਰੇਕ ਨਿਯਮਤ ਅਧਿਸੂਚਤ ਕੀਤੇ ਜਾਣ ਦੇ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਅੱਗੇ ਰੱਖਿਆ ਜਾਵੇਗਾ।

**30. ਕਠਿਨਾਈਆਂ ਦੂਰ ਕਰਨ ਦੀ ਸ਼ਕਤੀ -**

(1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿਚ ਕਠਿਨਾਈ ਪੈਦਾ ਹੁੰਦੀ ਹੈ, ਤਾਂ ਕੇਂਦਰੀ ਸਰਕਾਰ, ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਹੁਕਮ ਦੁਆਰਾ, ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਅਤੇ ਜੋ ਉਸ ਕਠਿਨਾਈ ਨੂੰ ਦੂਰ ਕਰਨ ਲਈ ਉਸ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ:

ਪਰੰਤੂ ਇਹ ਕਿ ਅਜਿਹਾ ਕੋਈ ਹੁਕਮ ਇਸ ਐਕਟ ਦੇ ਆਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁਦੱਤ ਦੇ ਗੁਜ਼ਰਨ ਪਿਛੋਂ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਦੇ ਅਧੀਨ ਕੀਤਾ ਗਿਆ ਹਰੇਕ ਹੁਕਮ ਉਸ ਦੇ ਕੀਤੇ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਸੰਸਦ ਦੇ ਹਰੇਕ ਸਦਨ ਦੇ ਅੱਗੇ ਰੱਖਿਆ ਜਾਵੇਗਾ।

**31. ਨਿਰਸਨ** ਸੂਚਨਾ ਦੀ ਸੁਤੰਤਰਤਾ ਐਕਟ, 2002 (2003 ਦਾ 5) ਇਸ ਦੁਆਰਾ ਮਨਸੂਖੀ ਕੀਤੀ ਜਾਂਦੀ ਹੈ।

## ਪਹਿਲੀ ਅਨੁਸੂਚੀ

### ਵੇਖੋ ਧਾਰਾ 13 (3) ਅਤੇ 16 (3)

ਮੁੱਖ ਸੂਚਨਾ ਕਮਿਸ਼ਨਰ/ਸੂਚਨਾ ਕਮਿਸ਼ਨਰ/ਰਾਜ ਮੁੱਖ ਸੂਚਨਾ ਕਮਿਸ਼ਨਰ/ਰਾਜ ਸੂਚਨਾ ਕਮਿਸ਼ਨਰ ਦੁਆਰਾ ਲਈ ਜਾਣ ਵਾਲੀ ਸਹੁੰ ਜਾਂ ਕੀਤੀ ਜਾਣ ਵਾਲੀ ਪ੍ਰਤਿੱਗਿਆ ਦਾ ਰੂਪ।

"ਮੈਂ,---------------------------------------------- ਜੋ ਮੁੱਖ ਸੂਚਨਾ ਕਮਿਸ਼ਨਰ/ਸੂਚਨਾ ਕਮਿਸ਼ਨਰ/ਰਾਜ ਮੁੱਖ ਸੂਚਨਾ ਕਮਿਸ਼ਨਰ/ਰਾਜ ਸੂਚਨਾ ਕਮਿਸ਼ਨਰ ਨਿਯੁਕਤ ਹੋਇਆ ਹਾਂ, ਈਸ਼ਵਰ ਦੀ ਸਹੁੰ ਲੈਂਦਾ ਹੈ ਕਿ ਮੈਂ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਦੇ ਪ੍ਰਤੀ ਸੱਚੀ ਸੱਚੇ ਦਿਲੋਂ ਪ੍ਰਤਿੱਗਿਆ ਕਰਦਾ ਹਾਂ। ਸ਼ਰਧਾ ਅਤੇ ਨਿਸ਼ਠਾ ਰਖਾਂਗਾ, ਮੈਂ ਭਾਰਤ ਦੀ ਪ੍ਰਭੁੱਤਾ ਅਤੇ ਅਖੰਡਤਾ ਬਰਕਰਾਰ ਰਖਾਂਗਾ ਅਤੇ ਮੈਂ ਠੀਕ ਤੌਰ 'ਤੇ ਅਤੇ ਵਫ਼ਾਦਾਰੀ ਨਾਲ ਅਤੇ ਆਪਣੀ ਪੂਰੀ ਯੋਗਤਾ, ਗਿਆਨ ਅਤੇ ਵਿਵੇਕ ਬੁੱਧੀ ਨਾਲ ਆਪਣੇ ਅਹੁਦੇ ਦੇ ਕਰਤੱਵਾਂ ਦਾ ਭੇਦ ਜਾਂ ਪੱਖਪਾਤ, ਸਨੇਹ ਜਾਂ ਦੁਰਭਾਵਨਾ ਤੋਂ ਬਿਨਾਂ ਪਾਲਣ ਕਰਾਂਗਾ ਅਤੇ ਮੈਂ ਸੰਵਿਧਾਨ ਅਤੇ ਕਾਨੂੰਨਾਂ ਦੀ ਮਰਿਆਦਾ ਬਰਕਰਾਰ ਰਖਾਂਗਾ।"

## ਦੂਜੀ ਅਨੁਸੂਚੀ

### (ਵੇਖੋ ਧਾਰਾ 24)

### ਕੇਂਦਰੀ ਸਰਕਾਰ ਦੁਆਰਾ ਸਥਾਪਤ ਗੁਪਤ-ਵਾਕਫ਼ੀ ਅਤੇ ਸੁਰੱਖਿਆ ਸੰਗਠਨ

1. ਗੁਪਤ-ਵਾਕਫ਼ੀ ਬਿਊਰੋ।
2. ਮੰਤਰੀ ਮੰਡਲ ਸਕੱਤਰੇਤ ਦਾ ਖੋਜ ਅਤੇ ਵਿਸ਼ਲੇਸ਼ਣ ਵਿੰਗ।
3. ਮਾਲ ਗੁਪਤ-ਵਾਕਫ਼ੀ ਡਾਇਰੈਕਟੋਰੇਟ।
4. ਕੇਂਦਰੀ ਆਰਥਿਕ ਗੁਪਤ-ਵਾਕਫ਼ੀ ਬਿਊਰੋ।
5. ਇਨਫੋਰਸਮੈਂਟ ਡਾਇਰੈਕਟੋਰੇਟ।
6. ਖੁਮਾਰੀ ਜਨਕ ਪਦਾਰਥ ਕੰਟਰੋਲ ਬਿਊਰੋ।
7. ਹਵਾਬਾਜੀ ਖੋਜ ਕੇਂਦਰ।
8. ਵਿਸ਼ੇਸ਼ ਸਰਹੱਦ ਬੱਲ।
9. ਸੀਮਾ ਸੁਰੱਖਿਆ ਬੱਲ।
10. ਕੇਂਦਰੀ ਰਿਜ਼ਰਵ ਪੁਲਿਸ ਬੱਲ।
11. ਭਾਰਤ-ਤਿੱਬਤ ਸੀਮਾ ਪੁਲਿਸ।
12. ਕੇਂਦਰੀ ਉਦਯੋਗਿਕ ਸੁਰੱਖਿਆ ਬੱਲ।
13. ਰਾਸ਼ਟਰੀ ਸੁਰੱਖਿਆ ਗਾਰਡ।
14. ਆਸਾਮ ਰਾਈਫ਼ਲਜ਼।
15. ਸ਼ਸਸ਼ਤਰ ਸੀਮਾ ਬੱਲ।
16. ਡਾਇਰੈਕਟੋਰੇਟ ਜਨਰਲ, ਆਮਦਨ ਕਰ (ਛਾਣ-ਬੀਣ)।
17. ਰਾਸ਼ਟਰੀ ਤਕਨੀਕੀ ਖੋਜ ਸੰਗਠਨ।
18. ਵਿੱਤੀ ਗੁਪਤ-ਵਾਕਫ਼ੀ ਯੂਨਿਟ, ਭਾਰਤ।
19. ਵਿਸ਼ੇਸ਼ ਸੁਰੱਖਿਆ ਗਰੁੱਪ।
20. ਸੁਰੱਖਿਆ ਖੋਜ ਅਤੇ ਵਿਕਾਸ ਸੰਗਠਨ।
21. ਸੀਮਾ ਸੜਕ ਵਿਕਾਸ ਬੋਰਡ।
22. ਰਾਸ਼ਟਰੀ ਸੁਰੱਖਿਆ ਪਰਿਸ਼ਦ, ਸਕੱਤਰੇਤ।

ਰਾਸ਼ਟਰਪਤੀ ਨੇ ਦ ਰਾਈਟ ਟੂ ਇਨਫਰਮੇਸ਼ਨ ਐਕਟ, 2005 (2005 ਦਾ ਐਕਟ ਨੰ: 22) ਦੇ ਉਪਰੋਕਤ ਪੰਜਾਬੀ ਅਨੁਵਾਦ ਨੂੰ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, 1973 ਦੀ ਧਾਰਾ 2 ਦੇ ਖੰਡ (ੳ) ਅਧੀਨ ਗਜ਼ਟ ਵਿਚ ਪ੍ਰਕਾਸ਼ਿਤ ਕੀਤੇ ਜਾਣ ਲਈ ਅਧਿਕਾਰਤ ਕਰ ਦਿੱਤਾ ਹੈ।

The above translation in Punjabi of the Right to Information Act, 2005 (Act No. 22 of 2005) has been authorised by the President to be published in the Official Gazette under clause (a) of section 2 of the Authoritative Texts (Central Laws) Act, 1973

New Delhi

Date : ਸਕੱਤਰ, ਭਾਰਤ ਸਰਕਾਰ।

Secretary of the Government of India.

# ਪੰਜਾਬ ਸੂਚਨਾ ਦਾ ਅਧਿਕਾਰ ਨਿਯਮ, 2007

## ਨੋਟੀਫਿਕੇਸ਼ਨ

**25 ਜੂਨ, 2007**

**ਨੰਬਰ : ਜੀ.ਐਸ.ਆਰ.16/ਏ-22/2005/ਐਸ 2007 :-** ਸੂਚਨਾ ਦੇ ਐਕਟ, 2005 (2005 ਦੇ ਕੇਂਦਰ ਐਕਟ ਨੰਬਰ 22) ਦੇ ਸੈਕਸ਼ਨ 27 ਦੇ ਸਬ-ਸੈਕਸ਼ਨ (1) ਦੁਆਰਾ ਸੌਂਪੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਵਿਚ ਅਤੇ ਇਸ ਲਈ ਹੋਰ ਸਾਰੀਆਂ ਸ਼ਕਤੀਆਂ ਲਈ, ਪੰਜਾਬ ਦੇ ਰਾਜਪਾਲ ਨੇ ਕਥਿਤ ਸੈਕਸ਼ਨ ਦੇ ਉੱਪ-ਸੈਕਸ਼ਨ (2) ਵਿਚ ਦਰਸਾਏ ਮਾਮਲਿਆਂ ਲਈ ਉਪਬੰਧਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਣ ਲਈ ਪ੍ਰਸੰਨਤਾ ਜਾਹਰ ਕੀਤੀ ਹੈ :

**ਨਿਯਮ**

1. **ਸੰਖੇਪ ਸਿਰਲੇਖ ਅਤੇ ਆਰੰਭ -** (1) ਇਨ੍ਹਾਂ ਨਿਯਮਾਂ ਨੂੰ ਪੰਜਾਬ ਸੂਚਨਾ ਦਾ ਅਧਿਕਾਰ ਨਿਯਮ, 2007 ਕਿਹਾ ਜਾਵੇ।

(2) ਇਹ ਦਫ਼ਤਰੀ ਗਜਟ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਵਸ਼ਾਲੀ ਹੋਣਗੇ।

2. **ਪਰਿਭਾਸ਼ਾਵਾਂ - (1)** ਇਨ੍ਹਾਂ ਨਿਯਮਾਂ ਵਿਚ, ਜਦੋਂ ਤਕ ਕੁਝ ਵੀ ਹੋਰਵੇ ਨਹੀਂ ਲੋੜੀਂਦਾ :-

(ੳ) "ਐਕਟ" ਤੋਂ ਭਾਵ ਸੂਚਨਾ ਦਾ ਅਧਿਕਾਰ ਐਕਟ, 2005(2005 ਦੇ ਕੇਂਦਰੀ ਐਕਟ ਨੰਬਰ 22) ਤੋਂ ਹੈ।

(ਅ) "ਕਮਿਸ਼ਨ" ਤੋਂ ਭਾਵ ਭਾਗ 15 ਦੇ ਅਧੀਨ ਗਠਿਤ ਪੰਜਾਬ ਰਾਜ ਸੂਚਨਾ ਕਮਿਸ਼ਨ ਤੋਂ ਹੈ।

(ੲ) "ਫਾਰਮ" ਦਾ ਅਰਥ ਇਨ੍ਹਾਂ ਨਿਯਮਾਂ ਨਾਲ ਲਗਾਏ ਜਾਣ ਵਾਲੇ ਫਾਰਮਾਂ ਤੋਂ ਹੈ; ਅਤੇ

(ਸ) "ਸੈਕਸ਼ਨ" ਤੋਂ ਭਾਵ ਐਕਟ ਦੇ ਸੈਕਸ਼ਨ ਤੋਂ ਹੈ।

(2) ਇਨ੍ਹਾਂ ਨਿਯਮਾਂ ਵਿਚ ਇਸਤੇਮਾਲ ਹੋਏ ਸ਼ਬਦ ਅਤੇ ਪਦ, ਪਰੰਤੂ ਪਰਿਭਾਸ਼ਿਤ ਨਹੀਂ ਹੋਏ, ਦਾ ਅਰਥ ਉਹੀ ਹੋਵੇਗਾ ਜਿਵੇਂ ਕਿ ਇਸ ਐਕਟ ਵਿਚ ਦਿਤਾ ਗਿਆ ਹੈ।

3. **ਸੂਚਨਾ ਪ੍ਰਾਪਤ ਕਰਨ ਲਈ ਬੇਨਤੀ ਪ੍ਰਾਪਤ ਕਰਨ ਲਈ ਬੇਨਤੀ ਪੱਤਰ :** (1) ਵਿਅਕਤੀ, ਜੋ ਕਿ ਇਸ ਐਕਟ ਅਧੀਨ ਕਿਸੇ ਪ੍ਰਕਾਰ ਦੀ ਸੂਚਨਾ ਪ੍ਰਾਪਤ ਕਰਨ ਦਾ ਇੱਛੁਕ ਹੁੰਦਾ ਹੈ, ਫਾਰਮ 'ੳ' ਵਿਚ ਰਾਜ ਪਬਲਿਕ ਸੂਚਨਾ ਅਧਿਕਾਰੀ ਨੂੰ ਨਿੱਜੀ ਤੌਰ 'ਤੇ ਜਾਂ ਰਜਿਸਟਰਡ ਪੋਸਟ ਰਾਹੀਂ ਨਿਯਮ 5 ਦੇ ਉੱਪ-ਨਿਯਮ (1) ਵਿਚ ਨਿਰਧਾਰਿਤ ਫੀਸ ਨਾਲ ਬੇਨਤੀ ਪੱਤਰ ਦੇਵੇਗਾ।

**ਭਾਗ 2, 6 ਅਤੇ 27**

(2) ਉੱਪ-ਨਿਯਮ (1) ਵਿਚ ਬੇਨਤੀ ਪੱਤਰ ਦੇ ਪ੍ਰਾਪਤ ਹੋਣ ਦੇ ਰਾਜ ਲੋਕ ਸੂਚਨਾ ਅਧਿਕਾਰੀ ਫਾਰਮ 'ਅ' ਵਿਚ ਬਿਨੈਕਾਰ ਨੂੰ ਇਸਦੇ ਟੋਕਨ ਵਜੋਂ ਰਸੀਦ ਦੇਵੇਗਾ।

(3) ਹਰੇਕ ਲੋਕ ਅਧਿਕਾਰੀ ਫਾਰਮ 'ੲ' ਵਿਚ ਇਸ ਐਕਟ ਅਧੀਨ ਸੂਚਨਾ ਪ੍ਰਾਪਤ ਕਰਨ ਦੇ ਚਾਹਵਾਨ ਵਿਅਕਤੀਆਂ ਦੇ ਪ੍ਰਾਪਤ ਕੀਤੇ ਬੇਨਤੀ ਪੱਤਰਾਂ ਦੇ ਸਬੰਧ ਵਿਚ ਰਜਿਸਟਰ ਬਣਾਏਗਾ।

(4) ਬਿਨਾਂ ਲੋੜੀਂਦੀ ਫੀਸ ਦੇ ਬੇਨਤੀ ਪੱਤਰਾਂ ਨੂੰ ਨਹੀਂ ਵਿਚਾਰਿਆ ਜਾਵੇਗਾ ਅਤੇ ਬਿਨੈਕਾਰ ਨੂੰ ਨੋਟਿਸ ਦਿਤੇ ਬਗੈਰ ਸਿੱਧੇ ਤੌਰ 'ਤੇ ਰੱਦ ਕੀਤਾ ਜਾਵੇਗਾ।

**ਭਾਗ 6** 4. **ਫੀਸ-(1)** ਫੀਸ ਦੀ ਅਦਾਇਗੀ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ :-

(ੳ) ਕਰਾਸ ਕੀਤੇ ਬੈਂਕਰ ਡਰਾਫਟ/ਬੈਂਕਰ ਚੈਕ/ਆਈ.ਪੀ.ਉ. ਜਾਂ ਨਕਦੀ ਰੂਪ ਵਿਚ ਸਬੰਧਿਤ ਡਰਾਇੰਗ ਅਤੇ ਡਿਸਬਰਸਿੰਗ ਅਧਿਕਾਰੀ ਦੇ ਨਾਂ ਜਿਥੋਂ ਸੂਚਨਾ ਪ੍ਰਾਪਤ ਕੀਤੀ ਜਾਣੀ ਹੈ; ਜਾਂ

(ਅ) ਸਬੰਧਿਤ ਡਰਾਇੰਗ ਐਂਡ ਡਿਸਬਰਸਿੰਗ ਅਧਿਕਾਰੀ ਨੂੰ ਨਕਦੀ ਰੂਪ ਵਿਚ; ਜਾਂ

(ੲ) ਹੇਠ ਲਿਖੇ ਲੇਖੇ ਦੇ ਮੱਦਾਂ ਵਿਚ ਖਜਾਨਾ ਚਲਾਨ ਰਾਹੀਂ :-

ਮੇਜਰ ਹੈਡ 0070-ਦੂਜੀਆਂ ਪ੍ਰਸ਼ਾਸਨਿਕ ਸੇਵਾਵਾਂ

ਸਬ-ਮੇਜਰ ਹੈਡ 60-ਹੋਰ ਸੇਵਾਵਾਂ

ਮਾਇਨਰ ਹੈਡ 800-ਹੋਰ ਪ੍ਰਾਪਤੀਆਂ

ਸਬ-ਹੈਡ 86-ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਫੀਸ

ਵਿਸਤ੍ਰਿਤ ਹੈਡ 0070-ਦੂਜੀਆਂ ਪ੍ਰਸ਼ਾਸਨਿਕ ਸੇਵਾਵਾਂ-60-ਹੋਰ ਸੇਵਾਵਾਂ-800-ਹੋਰ ਪ੍ਰਾਪਤੀਆਂ-86-ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਫੀਸ

(2) ਫੀਸ ਦੀ ਰਕਮ ਉੱਪ ਨਿਯਮ (1) ਦੇ ਖੰਡ (ੲ) ਦੇ ਹਵਾਲੇ ਵਜੋਂ ਜਮ੍ਹਾ ਕਰਾਈ ਜਾਣੀ ਚਾਹੀਦੀ ਹੈ।

ਪਰੰਤੂ ਸ਼ਰਤ ਇਹ ਹੈ ਕਿ ਬੋਰਡ, ਕਾਰਪੋਰੇਸ਼ਨਾਂ ਅਤੇ ਰਾਜ ਦੀਆਂ ਦੂਜੀਆਂ ਖੁਦਮੁਖਤਾਰ ਸੰਸਥਾਵਾਂ, ਉਨ੍ਹਾਂ ਦੁਆਰਾ ਬਣਾਏ ਗਏ ਆਪਣੇ ਖਾਤਿਆਂ ਵਿਚ ਲੋੜੀਂਦੀ ਫੀਸ ਜਮ੍ਹਾ ਕਰਾਉਣ ਬਾਰੇ ਕਹਿ ਸਕਦੀਆਂ ਹਨ।

(3) ਨਿਯਮ (3) ਦੇ ਉੱਪ ਨਿਯਮ (1) ਅਧੀਨ ਪੇਸ਼ ਕੀਤੇ ਗਏ ਬੇਨਤੀ ਪੱਤਰ ਦੇ ਪ੍ਰਾਪਤ ਹੋਣ ਤੇ, ਰਾਜ ਲੋਕ ਸੂਚਨਾ ਅਧਿਕਾਰੀ ਬਿਨੈ ਪੱਤਰ ਦੀ ਜਾਂਚ ਕਰੇਗਾ ਅਤੇ ਇਹ ਅਨੁਮਾਨ ਲਗਾਏਗਾ ਕਿ ਬਿਨੈਕਾਰ ਨੂੰ ਅਜਿਹੀ ਸੂਚਨਾ ਪ੍ਰਾਪਤ ਕਰਨ ਲਈ ਕਿੰਨੀ ਫੀਸ ਦੀ ਅਦਾਇਗੀ ਕਰਨੀ ਪਵੇਗੀ।

(4) ਉੱਪ-ਨਿਯਮ (3) ਅਧੀਨ ਅਨੁਮਾਨਿਤ ਫੀਸ ਰਾਜ ਲੋਕ ਸੂਚਨਾ ਅਧਿਕਾਰੀ ਦੁਆਰਾ ਬਿਨੈਕਾਰ ਨੂੰ ਬੇਨਤੀ ਪੱਤਰ ਪ੍ਰਾਪਤ ਹੋਣ ਦੇ 10 ਦਿਨਾਂ ਦੇ ਵਿਚ ਵਿਚ ਫਾਰਮ "ਸ" ਵਿਚ ਸੂਚਿਤ ਕਰੇਗਾ।

(5) ਇਸ ਐਕਟ ਅਧੀਨ ਸੂਚਨਾ ਪ੍ਰਾਪਤ ਕਰਨ ਦੇ ਚਾਹਵਾਨ ਬਿਨੈਕਾਰ ਦੇ ਬੇਨਤੀ ਪੱਤਰ ਦੇ ਖਾਰਿਜ ਹੋਣ ਦੀ ਸੂਚਨਾ ਫਾਰਮ "ਹ" ਵਿਚ ਸਬੰਧਿਤ ਰਾਜ ਲੋਕ ਸੂਚਨਾ ਅਧਿਕਾਰੀ ਦੁਆਰਾ ਦਿਤੀ ਜਾਵੇਗੀ।

(6) ਇਸ ਨਿਯਮ ਅਧੀਨ ਇਕੱਤਰ ਕੀਤੀ ਫੀਸ ਦੀ ਰਕਮ ਫਾਰਮ "ਕ" ਵਿਚ ਕੈਸ਼ ਰਜਿਸਟਰ ਵਜੋਂ ਸੰਭਾਲ ਕੀਤੀ ਜਾਵੇਗੀ।

ਭਾਗ 6 ਅਤੇ 7

5. **ਫੀਸ ਦੀ ਮਾਤਰਾ-**(1) ਸੈਕਸ਼ਨ 6 ਦੇ ਉੱਪ-ਭਾਗ (1) ਅਧੀਨ ਕਿਸੇ ਪ੍ਰਕਾਰ ਦੀ ਸੂਚਨਾ ਪ੍ਰਾਪਤ ਕਰਨ ਲਈ ਬਿਨੈ ਪੱਤਰ ਦੇ ਨਾਲ ਕੇਵਲ 10 ਰੁਪਏ ਫੀਸ ਦਿਤੀ ਜਾਵੇਗੀ।

(2) ਭਾਗ 7 ਦੇ ਉੱਪ ਭਾਗ (1) ਅਧੀਨ ਸੂਚਨਾ ਪ੍ਰਦਾਨ ਕਰਨ ਲਈ ਹੇਠ ਲਿਖੀ ਫੀਸ ਦੀ ਅਦਾਇਗੀ ਕੀਤੀ ਜਾਵੇਗੀ :-

(ੳ) ਹਰੇਕ ਪੰਨੇ ਲਈ ਦੋ ਰੁਪਏ (ਏ-4 ਅਤੇ ਏ-3 ਸਾਇਜ਼)

(ਅ) ਵਾਸਤਵਿਕ ਚਾਰਜ ਜਾਂ ਵੱਡੇ ਸਾਇਜ਼ ਦੇ ਪੇਪਰ ਦੀ ਕੀਮਤ।

(ੲ) ਨਮੂਨੇ ਜਾਂ ਮਾਡਲਾਂ ਲਈ ਅਸਲ ਕੀਮਤ।

(ਸ) ਰਿਕਾਰਡਾਂ ਦੀ ਪੜਤਾਲ ਲਈ, ਪਹਿਲੇ ਘੰਟੇ ਲਈ ਕੋਈ ਕੀਮਤ ਨਹੀਂ ਅਤੇ ਇਸ ਤੋਂ ਮਗਰੋਂ ਹਰ ਪੰਦਰਾਂ ਮਿੰਟ ਲਈ 5 ਰੁਪਏ।

(ਹ) ਡਿਸਕ ਜਾਂ ਫਲਾਪੀ ਵਿਚ ਸੂਚਨਾ ਲਈ ਪ੍ਰਤਿ ਫਲਾਪੀ ਜਾਂ ਡਿਸਕ ਲਈ 50 ਰੁਪਏ।

(ਕ) ਪ੍ਰਕਾਸ਼ਿਤ ਰੂਪ ਵਿਚ ਸੂਚਨਾ ਪ੍ਰਦਾਨ ਕਰਨ ਲਈ ਅਜਿਹੇ ਪ੍ਰਕਾਸ਼ਨ ਲਈ ਨਿਸ਼ਚਿਤ ਕੀਮਤ ਜਾਂ ਪ੍ਰਕਾਸ਼ਨ ਤੋਂ ਸਾਰ ਲਈ ਦੋ ਰੁਪਏ ਪ੍ਰਤਿ ਫੋਟੋ ਕਾਪੀ।

(3) ਬਿਨੈਕਾਰ ਨਿਯਮ 4 ਦੇ ਉੱਪ-ਨਿਯਮ (2) ਅਧੀਨ ਫੀਸ ਜਮ੍ਹਾਂ ਕਰਾਉਂਦੇ ਹੋਏ ਸੂਚਨਾ ਸਪਲਾਈ ਕਰਨ ਲਈ ਟਿਕਟਾਂ ਲੱਗੇ ਆਪਣਾ ਪਤਾ ਲਿਖੇ ਲਿਫਾਫੇ ਵੀ ਸਪਲਾਈ ਕੀਤੇ ਜਾਣਗੇ। ਲਿਫਾਫਿਆਂ 'ਤੇ ਟਿਕਟਾਂ ਬਿਨੈਕਾਰ ਦੁਆਰਾ ਇੱਛਤ ਸੂਚਨਾ ਸਪਲਾਈ ਕਰਨ ਦੇ ਤਰੀਕੇ ਅਨੁਸਾਰ ਲਗਾਈਆਂ ਜਾਣਗੀਆਂ ਮਸਲਨ ਸਾਧਾਰਨ, ਰਜਿਸਟਰਡ

ਜਾਂ ਸਪੀਡ ਪੋਸਟ।

**ਭਾਗ** 6. **ਅਪੀਲ ਦਾ ਨਿਪਟਾਰਾ ਕਰਨ ਦੀ ਕਾਰਜਵਿਧੀ** : ਅਪੀਲ ਦਾ ਫੈਸਲਾ ਕਰਨ ਤੋਂ ਪਹਿਲਾਂ, ਕਮਿਸ਼ਨ :

**19 (10)**

(ੳ) ਸਬੰਧਿਤ ਵਿਅਕਤੀਆਂ ਨੂੰ ਨੋਟਿਸ ਪ੍ਰਦਾਨ ਕਰੇਗਾ;

(ਅ) ਅਪੀਲ ਦੇ ਹਿੱਤ ਵਿਚ ਕੋਈ ਵੀ ਸਬੂਤ ਜੋ ਕਿ ਸਬੰਧਿਤ ਵਿਅਕਤੀਆਂ ਤੋਂ ਲਿਖਤੀ ਰੂਪ ਵਿਚ ਜਾਂ ਜ਼ੁਬਾਨੀ ਲਿਆ ਜਾ ਸਕਦਾ ਹੈ ਵਿਚਾਰਿਆ ਜਾਵੇਗਾ;

(ੲ) ਸਬੰਧਿਤ ਵਿਅਕਤੀਆਂ ਤੋਂ ਹਲਫਨਾਮੇ ਦੁਆਰਾ ਸਹੁੰ ਤੇ ਜਾਂਚ।

(ਸ) ਰਿਕਾਰਡ ਜਾਂ ਦਸਤਾਵੇਜਾਂ ਦੀ ਜਾਂਚ ਜਾਂ ਵਰਤੋਂ;

(ਹ) ਅਧਿਕਾਰਿਤ ਅਧਿਕਾਰੀ ਰਾਹੀਂ ਅਪੀਲ ਦੇ ਤੱਥ ਦੀ ਜਾਂਚ ਕਰੇਗਾ ਅਤੇ ਜੇ ਤੱਥਾਂ ਬਾਰੇ ਵੇਰਵਾ ਲੋੜੀਂਦਾ ਹੋਵੇ, ਜੇ ਉਹ ਉਚਿਤ ਸਮਝੇ, ਰਾਜ ਲੋਕ ਸੂਚਨਾ ਅਧਿਕਾਰੀ ਦਾ ਰਾਜ ਲੋਕ ਸੂਚਨਾ ਅਧਿਕਾਰੀ ਦੇ ਦਰਜੇ ਵਿਚ ਵੱਡਾ ਅਧਿਕਾਰੀ, ਜਿਸਨੇ ਪਹਿਲੀ ਅਪੀਲ ਦਾ ਫੈਸਲਾ ਕੀਤਾ ਹੈ ਜਾਂ ਇਸ ਲਈ ਅਧਿਕਾਰਿਤ ਕਿਸੇ ਹੋਰ ਵਿਅਕਤੀ ਨੂੰ ਸੁਣ ਸਕਦਾ ਹੈ ਅਤੇ;

(ਕ) ਦਰਜੇ ਵਿਚ ਵੱਡੇ ਅਧਿਕਾਰੀ ਤੋਂ ਹਲਫਨਾਮੇ ਤੇ ਰਾਜ ਲੋਕ ਸੂਚਨਾ ਅਧਿਕਾਰੀ ਨੂੰ ਜਿਸਨੇ ਪਹਿਲੀ ਅਪੀਲ ਦਾ ਫੈਸਲਾ ਕੀਤਾ ਹੈ ਜਾਂ ਇਸ ਲਈ ਅਧਿਕਾਰਿਤ ਕਿਸੇ ਹੋਰ ਵਿਅਕਤੀ ਤੋਂ ਜਿਸ ਤੋਂ ਉਹ ਜ਼ਰੂਰੀ ਸਮਝੇ ਪ੍ਰਾਪਤ ਕਰ ਸਕਦਾ ਹੈ;

**ਭਾਗ** 7. **ਨੋਟਿਸ ਦੇਣ ਦਾ ਤਰੀਕਾ** : ਕਮਿਸ਼ਨ ਹੇਠ ਲਿਖੇ ਕਿਸੇ ਵੀ ਤਰੀਕੇ ਨਾਲ ਸਬੰਧਿਤ ਵਿਅਕਤੀਆਂ ਨੂੰ ਨੋਟਿਸ ਜਾਰੀ ਕਰ ਸਕਦਾ ਹੈ:-

**19 (10)** (ੳ) ਦਸਤੀ ਪ੍ਰੋਸੈਸ ਸਰਵਰ ਰਾਹੀਂ, ਜਾਂ

(ਅ) ਰਜਿਸਟਰਡ ਪੋਸਟ ਰਾਹੀਂ ਬਕਾਇਆ ਪਹੁੰਚ ਰਸੀਦ ਨਾਲ; ਜਾਂ

(ੲ) ਅਖ਼ਬਾਰ ਵਿਚ ਪ੍ਰਕਾਸ਼ਿਤ ਕਰਕੇ।

**ਭਾਗ** 8. ਕਮਿਸ਼ਨ ਦੁਆਰਾ ਆਡਰ : (1) ਕਮਿਸ਼ਨ ਹਰੇਕ ਆਡਰ ਲਿਖਤੀ ਰੂਪ ਵਿਚ ਕਰੇਗਾ ਅਤੇ ਉਚਿਤ ਕਾਰਜਵਿਧੀ ਦੀ ਪਾਲਣਾ ਕਰਦੇ

**19 (10)** ਹੋਏ ਇਸਨੂੰ ਤੱਥਾਂ ਦੇ ਆਧਾਰ 'ਤੇ ਸੁਣਾਏਗਾ।

(2) ਕਿਸੇ ਵੀ ਕੇਸ ਵਿਚ, ਜਦੋਂ ਕਮਿਸ਼ਨ ਦਾ ਹੁਕਮ ਰਾਖਵਾਂ ਹੁੰਦਾ ਹੈ, ਇਹ ਜਿੰਨੀ ਜਲਦੀ ਹੋ ਸਕੇ ਸੁਣਾਇਆ ਜਾਵੇਗਾ, ਪਰੰਤੂ ਕਿਸੇ ਵੀ ਕੇਸ ਵਿਚ ਸੁਣਵਾਈ ਤੋਂ 15 ਦਿਨਾਂ ਤੋਂ ਬਾਅਦ ਨਹੀਂ।

9. **ਖਾਰਜ ਕਰਨਾ ਅਤੇ ਰਾਖਵਾਂ** : ਪੰਜਾਬ ਸੂਚਨਾ ਦਾ ਅਧਿਕਾਰ ਨਿਯਮ, 2006 ਖਾਰਜ ਕੀਤੇ ਜਾਂਦੇ ਹਨ: ਪਰੰਤੂ ਸ਼ਰਤ ਇਹ ਹੈ ਕਿ ਅਜਿਹੇ ਖਾਰਜ ਕੀਤੇ ਗਏ ਨਿਯਮਾਂ ਅਧੀਨ ਕੀਤੀ ਗਈ ਕਾਰਵਾਈ ਜਾਂ ਕੀਤੇ ਗਏ ਆਦੇਸ਼ਾਂ ਨੂੰ ਇਨ੍ਹਾਂ ਨਿਯਮਾਂ ਦੇ ਸਬੰਧਿਤ ਉਪਬੰਧਾਂ ਅਧੀਨ ਕੀਤੇ ਗਏ ਮੰਨਿਆ ਜਾਵੇਗਾ।

**ਪਬਲਿਕ ਅਧਿਕਾਰੀ ਜਾਂ ਵਿਭਾਗ ਦਾ ਨਾਂ**

**ਫ਼ਾਰਮ 'ੳ'**

**(ਵੇਖੋ ਨਿਯਮ 3 (1)**

**ਐਕਟ ਦੇ ਸੈਕਸ਼ਨ 6 (1) ਅਧੀਨ ਸੂਚਨਾ ਲਈ ਬਿਨੈ ਪੱਤਰ**

ਸੇਵਾ ਵਿਖੇ

ਰਾਜ ਪਬਲਿਕ ਸੂਚਨਾ ਅਧਿਕਾਰੀ,

ਵਿਭਾਗ-------------।

1. ਬਿਨੈਕਾਰ ਦਾ ਪੂਰਾ ਨਾਂ

2 ਪਿਤਾ/ਪਤੀ/ਪਤਨੀ ਦਾ ਨਾਂ

3. ਸਥਾਈ ਪਤਾ:

4. ਪੱਤਰ ਵਿਹਾਰ ਦਾ ਪਤਾ:

5. ਪ੍ਰਾਪਤ ਕੀਤੀ ਜਾਣ ਵਾਲੀ ਸੂਚਨਾ ਦਾ ਵੇਰਵਾ:

(ੳ) ਸੂਚਨਾ ਦਾ ਵਿਸ਼ਾ

(ਅ) ਸਮਾਂ ਜਿਸ ਨਾਲ ਇਹ ਸੂਚਨਾ ਸਬੰਧ ਰੱਖਦੀ ਹੈ।

(ੲ) ਲੋੜੀਂਦੀ ਸੂਚਨਾ ਦਾ ਵੇਰਵਾ

(ਸ) ਕੀ ਸੂਚਨਾ ਡਾਕ ਦੁਆਰਾ ਲੋੜੀਂਦੀ ਹੈ ਜਾਂ ਵਿਅਕਤੀਗਤ ਤੌਰ 'ਤੇ (ਸੂਚਨਾ ਪ੍ਰਦਾਨ ਕਰਨ ਵਿਚ ਸ਼ਾਮਲ ਅਸਲ ਪੋਸਟਲ ਚਾਰਜਿਜ਼ ਸ਼ਾਮਲ ਹੋਣਗੇ।)

(ਹ) ਡਾਕ ਦੇ ਕੇਸ ਵਿਚ, ਇਹ ਦੱਸਿਆ ਜਾਵੇ ਕਿ ਇਹ ਸਾਧਾਰਨ, ਰਜਿਸਟਰਡ ਜਾਂ ਸਪੀਡ ਹੋਵੇਗੀ।

6. ਕੀ ਇਹ ਸੂਚਨਾ ਸਵੈ ਇੱਛਤ ਖੁਲਾਸੇ ਅਧੀਨ ਪਬਲਿਕ ਅਧਿਕਾਰੀ ਦੁਆਰਾ ਉਪਲਬੱਧ ਨਹੀਂ ਕਰਾਈ ਗਈ।

7. ਕੀ ਤੁਸੀਂ ਲੋੜੀਂਦੀ ਫੀਸ ਦੀ ਅਦਾਇਗੀ ਕਰਨ ਲਈ ਤਿਆਰ ਹੋ।

8. ਕੀ ਤੁਸੀਂ ਬਿਨੈ ਪੱਤਰ ਦੀ ਫੀਸ ਜਮ੍ਹਾ ਕਰਾ ਦਿਤੀ ਹੈ (ਜੇ ਹਾਂ ਤਾਂ ਅਜਿਹੀ ਜਮ੍ਹਾਂ ਕਰਾਈ ਫੀਸ ਦਾ ਵੇਰਵਾ)

9. ਕੀ ਗਰੀਬੀ ਰੇਖਾ ਤੋਂ ਹੇਠਾਂ ਦੀ ਸ਼੍ਰੇਣੀ ਨਾਲ ਸਬੰਧ ਰੱਖਦਾ ਹੈ ਜੇ ਹਾਂ ਤਾਂ ਬਿਨੈ ਪੱਤਰ ਦੇ ਨਾਲ ਇਸਦਾ ਸਬੂਤ ਲਗਾਉ।

ਸਥਾਨ :

ਮਿਤੀ :

ਬਿਨੈਕਾਰ ਦੇ ਪੂਰੇ ਹਸਤਾਖਰ ਅਤੇ ਪਤਾ

**ਪਬਲਿਕ ਅਧਿਕਾਰੀ ਜਾਂ ਵਿਭਾਗ ਦਾ ਨਾਂ--------------------------**

**ਫਾਰਮ 'ਅ'**

**(ਵੇਖੋ ਨਿਯਮ 3 (2)**

**ਪਹੁੰਚ ਰਸੀਦ**

**ਰਾਜ ਪਬਲਿਕ ਸੂਚਨਾ ਅਧਿਕਾਰੀ ਦਾ ਦਫਤਰ**

ਸ਼੍ਰੀ/ਸ਼੍ਰੀਮਤੀ------------------------------------------------------------

ਰਿਹਾਇਸ਼------------------------------------------------------------

ਤੋਂ---------------------ਦੇ ਸਬੰਧ ਵਿਚ ਸੂਚਨਾ ਪ੍ਰਾਪਤ ਕਰਨ ਲਈ ਬਿਨੈ ਪੱਤਰ ਪ੍ਰਾਪਤ ਕੀਤਾ ਗਿਆ ਹੈ।

ਡਾਇਰੀ ਨੰਬਰ:------------------------------ਮਿਤੀ--------------------------

ਸਥਾਨ : ਰਾਜ ਸੂਚਨਾ ਠਧਿਕਾਰੀ ਦਾ ਪੂਰਾ ਨਾਂ

ਮਿਤੀ ਅਹੁਦਾ ਅਤੇ ਸੀਲ

ਪਬਲਿਕ ਅਧਿਕਾਰੀ ਜਾਂ ਵਿਭਾਗ ਦਾ ਨਾਂ---------------

**ਫਾਰਮ 'ੲ'**

**(ਪੰਜਾਬ ਸੂਚਨਾ ਦਾ ਅਧਿਕਾਰ ਨਿਯਮ, 2007 ਦਾ ਨਿਯਮ 3 (3) ਵੇਖੋ।**

**ਸੂਚਨਾ ਰਜਿਸਟਰ ਦਾ ਵੇਰਵਾ**

| ਲੜੀ ਨੰਬਰ | ਬਿਨੈ ਪੱਤਰ ਦੀ ਮਿਤੀ | ਸੂਚਨਾ ਪ੍ਰਾਪਤ ਕਰਨ ਵਾਲੇ ਦਾ ਨਾਂ | ਸੂਚਨਾ ਪ੍ਰਾਪਤ ਕਰਨ ਵਾਲੇ ਦਾ ਪਤਾ | ਸੂਚਨਾ ਦੀ ਪ੍ਰਕ੍ਰਿਤੀ | ਕੀ ਸੂਚਨਾ ਪ੍ਰਾਪਤ ਕਰਨ ਵਾਲੇ ਨੇ ਸਾਰੀਆਂ ਸ਼ਰਤਾਂ ਦੀ ਪਾਲਨਾ ਕੀਤੀ ਹੈ | ਉਸ ਅਧਿਕਾਰੀ ਦਾ ਨਾਂ ਜਿਸਤੋਂ ਸੂਚਨਾ ਇਕੱਤਰ ਕਰਨੀ ਲੋੜੀਂਦੀ ਹੈ | ਮਿਤੀ ਜਦੋਂ ਸੂਚਨਾ ਸਪਲਾਈ ਕੀਤੀ ਜਾਵੇਗੀ। |
|---|---|---|---|---|---|---|---|
| 1 | 2 | 3 | 4 | 5 | 6 | 7 | 8 |

| ਮਿਤੀ ਜਦੋਂ ਅਧਿਕਾਰੀ/ ਸਬੰਧਿਤ ਅਧਿਕਾਰੀ ਲੋੜੀਂਦੀ ਸੂਚਨਾ ਦੀ ਸਪਲਾਈ ਲਈ ਬੇਨਤੀ ਕਰਦਾ ਹੈ | ਜਾਰੀ ਕੀਤੇ ਰਿਮਾਇੰਡਰ ਦੀ ਮਿਤੀ ਅਤੇ ਨੰਬਰ | ਮਿਤੀ ਜਦੋਂ ਅਧਿਕਾਰੀ/ਸਬੰਧਿਤ ਅਧਿਕਾਰੀ ਤੋਂ ਪੀ.ਆਈ.ਓ. ਦੁਆਰਾ ਸੂਚਨਾ ਪ੍ਰਾਪਤ ਕੀਤੀ ਗਈ | ਸੂਚਨਾ ਲੈਣ ਵਾਲੇ ਸਬੰਧਿਤ ਅਧਿਕਾਰੀ ਨੂੰ ਸੂਚਨਾ ਦੀ ਸਪਲਾਈ ਦੀ ਮਿਤੀ | ਸੂਚਨਾ ਨਾ ਸਪਲਾਈ ਕਰਨ ਦੇ ਸੰਖੇਪ ਕਾਰਨ | ਵਿਸ਼ੇਸ਼ ਕਥਨ |
|---|---|---|---|---|---|
| 9 | 10 | 11 | 12 | 13 | 14 |

**ਪਬਲਿਕ ਅਧਿਕਾਰੀ ਜਾਂ ਵਿਭਾਗ ਦਾ ਨਾਂ---------------------------------**

**ਫਾਰਮ 'ਸ'**

**(ਵੇਖੋ ਨਿਯਮ 4 (4)**

**ਅਦਾਇਗੀ ਕਰਨ ਲਈ ਫੀਸ ਬਾਰੇ ਸੂਚਨਾ**

**ਵੱਲੋਂ**

-------- (ਰਾਜ ਪਬਲਿਕ ਸੂਚਨਾ ਅਧਿਕਾਰੀ ਦਾ ਨਾਂ ਅਤੇ ਅਹੁਦਾ)

ਸੇਵਾ ਵਿਖੇ

-------- (ਬਿਨੈਕਾਰ ਦਾ ਨਾਂ ਅਤੇ ਪਤਾ)

**ਵਿਸ਼ਾ :** ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਸੂਚਨਾ ਸਪਲਾਈ ਕਰਨ ਸਬੰਧੀ।

ਸ਼੍ਰੀਮਾਨ ਜੀ,

ਤੁਹਾਡੇ ਮਿਤੀ ------------- ਨੂੰ ਨਿਮਨ ਹਸਤਾਖਰਿਤ ਅਧਿਕਾਰੀ ਨੂੰ ਸੰਬੋਧਿਤ ਕੀਤੇ ----------- (ਵਿਸ਼ਾ ਦੱਸਿਆ ਜਾਵੇ) ਬਾਰੇ ਸੂਚਨਾ ਪ੍ਰਾਪਤ ਕਰਨ ਲਈ ਬੇਨਤੀ ਕਰਨ ਬਾਰੇ ਬਿਨੈਪੱਤਰ ਦੇ ਸਬੰਧ ਵਿਚ।

2. ਮੈਂ ਤੁਹਾਨੂੰ ਇਹ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਸੂਚਨਾ ਪ੍ਰਦਾਨ ਕਰਨ ਲਈ ਨਿਮਨ ਲਿਖਿਤ ਕੀਮਤ ਦੀ ਅਦਾਇਤੀ ਕਰਾਸ ਕੀਤੇ ਡਿਮਾਂਡ ਡ੍ਰਾਫਟ/ਬੈਂਕਰ ਚੈਕ/ਆਈ.ਪੀ.ਉ./ਖਜ਼ਾਨਾ ਚਲਾਨ ਰਾਹੀਂ ਜਾਂ ਨਕਦੀ ਰੂਪ ਵਿਚ ਜਮ੍ਹਾਂ ਕਰਾਈ ਜਾਵੇ ਤਾਂ ਕਿ ਨਿਮਨ ਹਸਤਾਖਰਿਤ ਅਧਿਕਾਰੀ ਤੁਹਾਡੇ ਦੁਆਰਾ ਮੰਗੀ ਗਈ ਸੂਚਨਾ ਭੇਜ ਸਕੇ।

3. (ੳ) ਡਿਮਾਂਡ ਡ੍ਰਾਫਟ/ਬੈਂਕਰ ਚੈਕ/ਆਈ.ਪੀ.ਉ. (ਡਰਾਇੰਗ ਐਂਡ ਡਿਸਬਰਸਿੰਗ ਅਫਸਰ ਦਾ ਵੇਰਵਾ ਦੱਸਿਆ ਜਾਵੇ) ਦੇ ਨਾਂ ਤੇ ਕਢਾਇਆ ਜਾਣਾ ਚਾਹੀਦਾ ਹੈ ਜਾਂ ਕਥਿਕ ਡਰਾਇੰਗ ਐਂਡ ਡਿਸਬਰਸਿੰਗ ਅਧਿਕਾਰੀ ਦੇ ਦਫਤਰ ਵਿਚ ਨਕਦੀ ਰੂਪ ਵਿਚ ਜਮ੍ਹਾਂ ਕਰਾਈ ਜਾਵੇ।

(ਅ) ਫੀਸ ਦੀ ਰਕਮ ਹੇਠ ਲਿਖੇ ਲੇਖੇ ਦੇ ਮਦਾਂ ਵਿਚ ਖਜ਼ਾਨਾ ਚਲਾਨ ਰਾਹੀਂ ਜਮ੍ਹਾਂ ਕਰਾਈ ਜਾਵੇ :

| | |
|---|---|
| ਮੇਜਰ ਹੈਡ | 0070-ਦੂਜੀਆਂ ਪ੍ਰਸ਼ਾਸਨਿਕ ਸੇਵਾਵਾਂ |
| ਸਬ-ਮੇਜਰ ਹੈਡ | 60-ਹੋਰ ਸੇਵਾਵਾਂ |
| ਮਾਇਨਰ ਹੈਡ | 800-ਹੋਰ ਪ੍ਰਾਪਤੀਆਂ |
| ਸਬ ਹੈਡ | 86-ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਫੀਸ |

4. ਇਕ ਟਿਕਟ ਲੱਗਿਆ ਆਪਣਾ ਨਾਂ ਅਤੇ ਪਤਾ ਲਿਖਿਆ ਲਿਫਾਫਾ ਸੂਚਨਾ ਪ੍ਰਦਾਨ ਕਰਨ ਲਈ ਵੀ ਪੇਸ਼ ਕੀਤਾ ਜਾਵੇਗਾ। ਲਿਫਾਫਿਆਂ 'ਤੇ ਟਿਕਟਾਂ ਬਿਨੈਕਾਰ ਦੁਆਰਾ ਇੱਛਤ ਸੂਚਨਾ ਸਪਲਾਈ ਕਰਨ ਦੇ ਤਰੀਕੇ ਅਨੁਸਾਰ ਲਗਾਈਆਂ ਜਾਣਗੀਆਂ ਮਸਲਨ ਸਾਧਾਰਨ, ਰਜਿਸਟਰਡ ਜਾਂ ਸਪੀਡ ਪੋਸਟ।

ਫੀਸ ਕੈਲਕੂਲੇਸ਼ਨ------------

ਜਮ੍ਹਾਂ ਕਰਾਈ ਜਾਣ ਵਾਲੀ ਕੁੱਲ ਫੀਸ------------

ਮਿਤੀ

ਸਥਾਨ

ਆਪ ਜੀ ਦਾ

ਸ਼ੁਭਚਿੰਤਕ

ਰਾਜ ਪਬਲਿਕ ਸੂਚਨਾ ਅਧਿਕਾਰੀ

**ਪਬਲਿਕ ਅਧਿਕਾਰੀ ਜਾਂ ਵਿਭਾਗ ਦਾ ਨਾਂ---------------------------------**

**ਫਾਰਮ 'ਹ'**

**(ਵੇਖੋ ਨਿਯਮ 4 (4)**

**ਰੱਦ ਕਰਨ ਬਾਰੇ ਸੂਚਨਾ**

**ਵੱਲੋਂ**

-------- (ਰਾਜ ਪਬਲਿਕ ਸੂਚਨਾ ਅਧਿਕਾਰੀ ਦਾ ਨਾਂ ਅਤੇ ਅਹੁਦਾ)

ਸੇਵਾ ਵਿਖੇ

-------- (ਬਿਨੈਕਾਰ ਦਾ ਨਾਂ ਅਤੇ ਪਤਾ)

**ਵਿਸ਼ਾ :** ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਸੂਚਨਾ ਸਪਲਾਈ ਕਰਨ ਸਬੰਧੀ।

ਸ਼੍ਰੀਮਾਨ ਜੀ,

ਤੁਹਾਡੇ ਮਿਤੀ ------------- ਨੂੰ ਨਿਮਨ ਹਸਤਾਖਰਿਤ ਅਧਿਕਾਰੀ ਨੂੰ ਸੰਬੋਧਿਤ ਕੀਤੇ ----------- (ਵਿਸ਼ਾ ਦੱਸਿਆ ਜਾਵੇ) ਬਾਰੇ ਸੂਚਨਾ ਪ੍ਰਾਪਤ ਕਰਨ ਲਈ ਬੇਨਤੀ ਕਰਨ ਬਾਰੇ ਬਿਨੈਪੱਤਰ ਦੇ ਸੰਬੰਧ ਵਿਚ।

2. ਹੇਠ ਲਿਖੇ ਕਾਰਨਾਂ ਕਰਕੇ ਨਿਮਨ ਹਸਤਾਖਰਿਤ ਅਧਿਕਾਰੀ ਆਪ ਦੁਆਰਾ ਮੰਗੀ ਗਈ ਸੂਚਨਾ ਦੇਣ ਵਿਚ ਅਸਮਰੱਥ ਰਹਿਣ ਬਾਰੇ ਸੂਚਨਾ ਦੇਣ 'ਤੇ ਖੇਦ ਜਾਹਰ ਕੀਤਾ ਜਾਂਦਾ ਹੈ :

(ਜ) ਇਹ ਐਕਟ ਦੇ ਸੈਕਸ਼ਨ 8 ਅਤੇ 9 ਅਧੀਨ ਕਵਰ ਕੀਤੀ ਛੋਟ ਦੀ ਸ਼੍ਰੇਣੀ ਅਧੀਨ ਆਉਂਦਾ ਹੈ।

(ਜਜ) ਤੁਹਾਡਾ ਬਿਨੈ ਪੱਤਰ ----------- ਦੇ ਸਬੰਧ ਵਿਚ ਅਧੂਰਾ ਹੈ।

(ਜਜਜ) ਤੁਹਾਡੀ ਸ਼ਨਾਖਤ ਸੰਤੋਸ਼ਜਨਕ ਨਹੀਂ ਹੈ।

(ਜਡ) ਸੂਚਨਾ ਪਬਲਿਕ ਨੂੰ ਉਪਲਬੱਧ ਪ੍ਰਕਾਸ਼ਿਤ ਸਾਮਗਰੀ ਵਿਚ ਹੈ।

(ਡ) ਤੁਸੀਂ ਸੂਚਨਾ ਪ੍ਰਦਾਨ ਕਰਨ ਲਈ ਦਿਤੇ ਬਿਨੈ ਪੱਤਰ ਨਾਲ ਲੋੜੀਂਦੀ ਫੀਸ ਦੀ ਅਦਾਇਗੀ ਨਹੀਂ ਕੀਤੀ।

(ਡਜ) ਮੰਗੀ ਗਈ ਸੂਚਨਾ ਐਕਟ ਦੇ ਸੈਕਸ਼ਨ 24(4) ਦੇ ਉਪਬੰਧਾਂ ਅਨੁਸਾਰ ਮੁਹੱਈਆ ਕਰਾਉਣੀ ਵਰਜਿਤ ਹੈ।

(ਡਜਜ) ਤੁਹਾਡੇ ਦੁਆਰਾ ਮੰਗੀ ਗਈ ਸੂਚਨਾ ਵੈਬਸਾਇਟ 'ਤੇ ਉਪਲਬੱਧ ਹੈ। (ਵੈਬਸਾਇਟ ਦਾ ਨਾਂ ਦੱਸਿਆ ਜਾਵੇ) ਤੁਸੀਂ ਇਹ ਸੂਚਨਾ ਡਾਊਨਲੋਡ ਕਰ ਸਕਦੇ ਹੋ।

(ਡਜਜਜ) ਕੋਈ ਹੋਰ ਕਾਰਨ।

3. ਪਰੰਤੂ, ਜੇ ਤੁਸੀਂ ਅਜਿਹੀ ਇਨਕਾਰੀ ਤੋਂ ਪੀੜਿਤ ਹੋ, ਤੁਸੀਂ ਇਸ ਪੱਤਰ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਵਿਚ ਵਿਚ (ਅਪੀਲੀ ਅਧਿਕਾਰੀ ਦਾ ਨਾਂ ਦਰਸਾਇਆ ਜਾਵੇ) ਨੂੰ ਅਪੀਲ ਫਾਇਲ ਕਰ ਸਕਦੇ ਹੋ।

ਮਿਤੀ :

ਸਥਾਨ :

ਰਾਜ ਪਬਲਿਕ ਸੂਚਨਾ ਅਧਿਕਾਰੀ ਦਾ ਨਾਂ ਅਤੇ ਅਹੁਦਾ

**ਪਬਲਿਕ ਅਧਿਕਾਰੀ ਜਾਂ ਵਿਭਾਗ ਦਾ ਨਾਂ------------------------**

**ਫਾਰਮ 'ਕ'**

**(ਵੇਖੋ ਨਿਯਮ 4(6)**

**ਕੈਸ਼ ਰਜਿਸਟਰ**

| ਲੜੀ ਨੰਬਰ | ਬਿਨੈਕਾਰ ਦਾ ਨਾਂ ਅਤੇ ਪਤਾ | ਬਿਨੈ ਪੱਤਰ ਦੀ ਮਿਤੀ | ਰਕਮ ਜਮ੍ਹਾਂ ਕਰਾਉਣ ਦੀ ਮਿਤੀ | ਕੈਸ਼/ਡਿਮਾਂਡ ਡ੍ਰਾਫਟ/ਆਈ. ਪੀ.ਉ/ਖਜਾਨਾ ਚਲਾਨ ਦੁਆਰਾ ਫੀਸ ਦਾ ਵੇਰਵਾ ਮਿਤੀ ਅਤੇ ਰਕਮ ਦੇ ਨਾਲ | ਰਿਫੰਡ, ਜੇ ਕੋਈ ਹੋਵੇ | ਵਿਸ਼ੇਸ਼ ਕਥਨ |
|---|---|---|---|---|---|---|
| 1 | 2 | 3 | 4 | 5 | 6 | 7 |